Price : Rs. 5.00



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥
ਸਪਤਾਹਿਕ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।
www.sribhainisahib.com
ਜਿਲਦ-23 ਨੰਬਰ-29
22 ਤੋਂ 28 ਅੱਸੂ 2072 - 8 to 14 October 2015 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਸਤਿਗੁਰੂ ਦੇ ਹੁਕਮ ਵਿੱਚ ਚਲੋ



ਜਿਹੜਾ ਸਤਿਗੁਰੂ ਦੀ ਰਹਿਤ ਨਾ ਰੱਖੇਗਾ, ਸਤਿਗੁਰੂ ਦੇ ਹੁਕਮ ਵਿੱਚ ਨਾ ਚੱਲੇਗਾ-ਭਾਈ ਉਹ ਮਾਰਿਆ ਜਾਏਗਾ। ਉਹ ਇਸ ਗੱਲ ਦਾ ਕਦੇ ਧਿਆਨ ਨ ਕਰੇ - ਮੈਂ ਕੂਕਾ ਹਾਂ, ਮੈਨੂੰ ਰਾਮ ਸਿੰਘ ਬਚਾਵੇਗਾ। ਰਾਮ ਸਿੰਘ ਦਾ ਜਿਹੜਾ ਹੁਕਮ ਮੰਨੇਗਾ, ਉਹਨੂੰ ਬਚਾਵੇਗਾ।

## ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਅੰਮ੍ਰਿਤਸਰ ਦੇ ਸ਼ਹੀਦਾਂ ਨਮਿਤ ਮੇਲਾ



ਅੰਮ੍ਰਿਤਸਰ ਵਿਖੇ ਮਨਾਏ ਸ਼ਹੀਦਾਂ ਦੇ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਮੌਕੇ ਆਪ ਜੀ ਦਾ ਤਹਿ-ਦਿਲੋਂ ਧੰਨਵਾਦ ਕਰਦੀ ਅੰਮ੍ਰਿਤਸਰ ਦੀ ਸਾਧ ਸੰਗਤ - 15 ਸਤੰਬਰ 2015

**ਅੰਮ੍ਰਿਤਸਰ, 15 ਸਤੰਬਰ 2015:-** ਸ੍ਰੀ ਸਤਿਗੁਰੂ ਰਾਮ ਸਿੰਘ ਜੀ 19ਵੀਂ ਸਦੀ ਦੇ ਮਹਾਨ ਧਾਰਮਿਕ ਨੇਤਾ ਤੇ ਯੁਗ ਪਲਟਾਉ ਸਤਿਗੁਰੂ ਹੋਏ ਹਨ। ਜਿਨ੍ਹਾਂ ਦੀ ਅਣਥੱਕ ਮਿਹਨਤ ਨੇ ਸਮੁੱਚੀ ਭਾਰਤ ਦੀ ਜਨਤਾ ਨੂੰ ਹਲੂਣਿਆ ਅਤੇ ਇੱਕ ਸ਼ਕਤੀਸਾਲੀ ਆਦਰਸ਼ ਜੀਵਨ ਦੀ ਨੀਂਹ ਰੱਖੀ। ਸਹੀ ਅਰਥਾਂ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਹਨ ਉਹਨਾਂ ਨੂੰ ਕਾਲ ਜਾਂ ਦੇਸ ਦੀ ਪਕੜ ਵਿੱਚ ਨਹੀਂ ਬੰਨਿਆਂ ਜਾ ਸਕਦਾ। ਉਹਨਾਂ ਨੇ ਮੁਰਝਾਈ ਹੋਈ ਸਿੱਖੀ ਨੂੰ ਮੁੜ ਸੁਰਜੀਤ ਕੀਤਾ ਤੇ ਇੱਕ ਇਹੋ ਜਿਹੇ ਸੱਚੇ ਸੁਚੇ ਤੇ ਬੇਡਰ ਸਿੱਖਾਂ ਦੀ ਫ਼ੌਜ ਤਿਆਰ ਕਰ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਨੇ 10 ਸਾਲਾਂ ਦੇ ਵਿੱਚ 7 ਲੱਖ ਨਾਮਧਾਰੀ ਸਿੱਖ ਸਾਜ ਦਿਤੇ ਇਹ ਇੱਕ ਇਤਿਹਾਸ ਵਿੱਚ ਬਹੁਤ ਵੱਡੀ ਅਹਿਮੀਅਤ ਰੱਖਦੀ ਹੈ। ਅੱਜ ਤਕ ਇੰਨਾਂ ਵੱਡਾ ਇੰਨੇ ਥੋੜੇ ਸਮੇਂ ਵਿੱਚ ਸਿੱਖੀ ਦਾ ਪ੍ਰਸਾਰ ਹੋਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 'ਕੂਕਾ ਪੰਥ' ਨੇ ਗਊਆਂ ਤੇ ਗ਼ਰੀਬਾਂ ਦੀ ਰੱਖਿਆਂ ਕੀਤੀ ਅੰਗਰੇਜ ਸਰਕਾਰ ਦਾ ਰਾਜ ਸੀ ਉਸਨੇ ਥਾਂ-ਥਾਂ ਤੇ ਬੁਚੜਖਾਨੇ ਖੋਲੇ ਸਨ। ਕੋਈ ਵੀ ਹਿੰਮਤ ਨਹੀਂ ਰੱਖਦਾ ਸੀ ਕਿ ਇਤਨੇ ਵੱਡੇ ਸਾਮਰਾਜ ਨਾਲ ਮੱਥਾ ਲੈ ਸਕੇ ਪਰ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੂੰ ਮੌਤ ਪਿਆਰੀ ਸੀ ਆਪਣਾ ਜੀਵਨ ਪਿਆਰਾ ਨਹੀਂ ਸੀ ਉਹਨਾਂ ਵਿੱਚ ਅੰਮ੍ਰਿਤ ਦੀ ਸ਼ਕਤੀ ਸੀ। ਮਹਾਨ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਸੀ। ਗਊ ਗ਼ਰੀਬ ਦੀ ਰੱਖਿਆ ਕਰਨੀ ਨਾਮਧਾਰੀ ਸਿੱਖਾਂ ਦਾ ਪਰਮ ਕਰਤੱਵ ਹੋ ਗਿਆ ਸੀ।

(ਬਾਕੀ ਸਫਾ 6 'ਤੇ)

## ਸ੍ਰੀ ਸਤਿਗੁਰੂ ਜੀ ਦੀ ਛੱਤਰ ਛਾਇਆ ਹੇਠ ਜਪ ਪ੍ਰਯੋਗ

### ਰੋਜ਼ਾਨਾ 15 ਤੋਂ 20 ਹਜ਼ਾਰ ਘੰਟੇ ਨਾਮ ਸਿਮਰਨ

**ਸ੍ਰੀ ਭੈਣੀ ਸਾਹਿਬ, 6 ਅਕਤੂਬਰ:-** ਇਥੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛੱਤਰ ਛਾਇਆ ਹੇਠ 17 ਸਤੰਬਰ 2015 ਤੋਂ ਲਗਾਤਾਰ ਨਾਮ ਸਿਮਰਨ ਦਾ ਪ੍ਰਵਾਹ ਚਲ ਰਿਹਾ ਹੈ। ਜਿਸ ਵਿੱਚ ਰੋਜਾਨਾ 8 ਘੰਟੇ ਨਾਮ ਸਿਮਰਨ ਕੀਤਾ ਜਾਂਦਾ ਹੈ। ਇਸ ਵਿੱਚ ਬਿਰਧ, ਨੌਜਵਾਨ, ਬੀਬੀਆਂ, ਬੱਚੇ ਸਭ ਅੰਮ੍ਰਿਤ ਵੇਲੇ ਤੋਂ ਹੀ ਸਣੇਕੇਸੀ ਇਸ਼ਨਾਨ ਕਰਕੇ ਉਸ ਅਕਾਲ ਪੁਰਖ ਦਾ ਸਿਮਰਨ ਕਰਨ ਵਿੱਚ ਸੁਖ ਅਨੁਭਵ ਕਰਦੇ ਹਨ।

ਪਾਠਕਾਂ ਨੂੰ ਪਤਾ ਹੀ ਹੈ ਕਿ ਇਹ ਜਪ ਪ੍ਰਯੋਗ ਦਾ ਪ੍ਰਵਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1906 ਈ. ਵਿੱਚ ਆਰੰਭ ਕਰਵਾਇਆ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਵਿੱਚ ਹੋਰ ਉਤਸ਼ਾਹ ਨਾਲ ਸਾਧ-ਸੰਗਤ ਨੂੰ ਜੋੜਨ ਦੀ ਕਿਰਪਾ ਕੀਤੀ। ਵਰਤਮਾਨ ਸਮੇਂ ਵਿੱਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਸਾਰੇ ਸੰਸਾਰ ਵਿੱਚ ਲਗਭਗ 100 ਸਥਾਨਾਂ ਉੱਤੇ ਜਪ ਪ੍ਰਯੋਗ ਦਾ ਪ੍ਰਵਾਹ ਚਲ ਰਿਹਾ ਹੈ। ਇਹ ਕੇਵਲ ਭਾਰਤ ਵਿੱਚ ਹੀ ਨਹੀਂ ਸਗੋ ਪੂਰਬੀ ਤੇ ਪੱਛਮੀ ਦੇਸਾਂ ਵਿੱਚ ਵੀ ਚਲ ਰਿਹਾ ਹੈ। ਦੇਸਾ-ਪ੍ਰਦੇਸਾ ਵਿੱਚ ਬੈਠੀ ਸਾਧ-ਸੰਗਤ ਨੂੰ ਦਿਸ਼ਾ ਟੀ.ਵੀ ਦੀ ਮਦਦ ਨਾਲ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਕੀਰਤਨ ਸੁਣਨ ਦਾ ਲਾਹਾ ਵੀ ਪ੍ਰਾਪਤ ਹੁੰਦਾ ਹੈ।

(ਬਾਕੀ ਸਫਾ 4 'ਤੇ)



ਯੂ. ਕੇ. ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਸੰਗੀਤ ਸੰਮੇਲਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ ਇਸ ਸੰਮੇਲਨ ਵਿੱਚ ਬੀਬੀ ਗੁਰਸ਼ਰਨ ਕੌਰ, ਵਿਸ਼ੇਸ਼ ਮਹਿਮਾਨ ਵਜੋਂ ਬੀਬੀ ਹਰਭਜਨ ਕੌਰ ਧੀਰ (MAYOR COUNCILLOR, U.K.) ਅਤੇ ਇਹਨਾਂ ਦੇ ਪਤੀ ਮਿਸਟਰ ਧੀਰ ਅਤੇ ਉਸਤਾਦ ਗੁਰਦੇਵ ਸਿੰਘ ਸ਼ਾਮਿਲ ਹੋਏ (Report Page 5)

## ਲੈਸਟਰ ਵਿਖੇ ਕੀਰਤਨ ਨਿਤਨੇਮ

**ਲੈਸਟਰ, 5 ਸਤੰਬਰ:-** ਅੱਜ ਸ਼ਨੀਚਰਵਾਰ ਇਥੋ ਦੇ ਨਾਮਧਾਰੀ ਗੁਰਦੁਆਰੇ ਵਿੱਚ ਇੱਕ ਵਿਸ਼ੇਸ਼ ਸਮਾਗਮ ਹੋਇਆ। ਇਸ ਸ਼ਾਮ ਦੇ ਸਮਾਗਮ ਦਾ ਆਰੰਭ ਨਿਤਨੇਮ ਨਾਲ ਹੋਇਆ ਉਸ ਤੋਂ ਬਾਅਦ ਦੋ ਬੱਚਿਆਂ ਅਰਜਨ ਅਤੇ ਕ੍ਰਿਸ਼ਨ ਨੇ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਬਾਰੇ ਕਵਿਤਾਵਾਂ ਸੁਣਾਈਆਂ। ਸੰਤ ਕ੍ਰਿਪਾਲ ਸਿੰਘ ਪਨੇਸਰ ਨੇ

**ਮਥਰਾ ਮੰਡਲ ਕੇ ਬਿਖੈ।**

ਸ਼ਬਦ ਗਇਨ ਕਰਕੇ ਭਗਵਾਨ ਕ੍ਰਿਸ਼ਨ ਦੇ ਸਮੇਂ ਨਾਲ ਜੋੜ ਦਿਤਾ ਕਿਉਕਿ ਅੱਜ ਭਗਵਾਨ ਕ੍ਰਿਸ਼ਨ ਦਾ ਪ੍ਰਕਾਸ਼ ਪੁਰਬ ਵੀ ਸੀ ਉਸ ਤੋਂ ਬਾਅਦ ਪ੍ਰੋ. ਤਾਰਾ ਸਿੰਘ ਅਨਜਾਣ ਨੇ ਭਗਵਾਨ ਕ੍ਰਿਸ਼ਨ ਬਾਰੇ ਰੋਸ਼ਨੀ ਪਾਈ। ਉਹਨਾਂ ਨੇ ਇਹ ਵੀ ਦੱਸਿਆ ਕਿ ਅੱਜ ਭਾਰਤ ਦੇ ਦੂਜੇ ਰਾਸ਼ਟਰਪਤੀ ਮਹਾਨ ਦਾਰਸ਼ਨੀਕ ਡਾ. ਐਸ ਰਾਧਾ ਕ੍ਰਿਸ਼ਨਨ ਦਾ ਵੀ ਜਨਮ ਦਿਨ ਹੈ। ਅੱਜ ਕੁਝ ਸ਼ਰਧਾਲੂ ਮਹਾਤਮਾ ਬੁਧ ਬਾਰੇ ਵਿਸ਼ੇਸ਼ ਪ੍ਰੋਗਰਾਮ ਕਰ ਰਹੇ ਹਨ।

ਸਾਧ ਸੰਗਤ ਵਲੋਂ ਇਸ ਪ੍ਰੋਗਰਾਮ ਵਿੱਚ ਅਨੰਦ ਕਾਰਜ ਤੋਂ ਬਾਅਦ ਆਏ ਦੋ ਜੋੜਿਆਂ ਅਜੀਤ ਸਿੰਘ-ਪ੍ਰਭਜੀਤ ਕੌਰ, ਬਲਵੰਤ ਸਿੰਘ-ਸ਼ਾਮ ਕੌਰ ਨੂੰ ਮਾਲਾ ਦੇ ਕੇ ਮਾਣ ਦਿੱਤਾ ਗਿਆ। ਇਹ ਦੋਵੇਂ ਜੋੜੀਆਂ ਸੰਤ ਅੰਮ੍ਰਿਤਪਾਲ ਸਿੰਘ-ਬੀਬੀ ਸਤਵੰਤ ਕੌਰ ਦੇ ਨੂੰਹ ਪੁੱਤਰ ਹਨ। ਉਹਨਾਂ ਵਲੋਂ 2 ਪਾਠ ਦੇ ਭੋਗ ਪਾਏ ਗਏ:-

1 ਪਾਠ ਬੱਚਿਆਂ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿੱਚ।
1 ਪਾਠ ਦਾ ਭੋਗ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾ ਨਮਿਤ ਪਾ ਕੇ ਅਰਦਾਸ ਕੀਤੀ ਗਈ।

# ਸਾਊਥਾਲ (ਯੂ. ਕੇ.) ਦੀ ਸੰਗਤ ਵਲੋਂ ਸਤਿਗੁਰੂ ਜੀ ਦਾ ਸੁਆਗਤ ਸਤਿਕਾਰ

(ਪਿਛੋਂ ਤੋਂ ਅਗੇ)



**ਸ੍ਰੀ ਸਤਿਗੁਰੂ ਜੀ ਬਰਮਿਘੰਮ (ਯੂ. ਕੇ.) ਵਿਖੇ ਨਾਮਧਾਰੀ ਧਰਮਸ਼ਾਲਾ ਵਿਚ ਖੋਲੇ ਗਏ ਪੰਜਾਬੀ ਸਕੂਲ ਦਾ ਉਦਘਾਟਨ ਕਰਦੇ ਹੋਏ।**

28 ਅਗਸਤ ਨੂੰ ਹੀ ਇੰਗਲੈਂਡ, ਡੋਮੀਨੀਅਨ ਸੈਂਟਰ ਸਾਊਥਾਲ ਵਿਖੇ ਇਕ ਸੰਗੀਤ ਕੰਸਰਟ (ਸੰਗੀਤ ਸਮਾਰੋਹ) ਵਿਚ ਆਪ, ਉਸ ਦਾ ਉਦਘਾਟਨ ਕਰਕੇ ਦਰਸ਼ਨ ਦੇ ਰਹੇ ਸਨ। ਉਸਤਾਦ ਗੁਰਦੇਵ ਸਿੰਘ ਨੇ ਤਿੰਨ ਦਿਨਾਂ(28 ਤੋਂ 30 ਅਗਸਤ) ਦਾ ਇਹ ਸੰਗੀਤ ਸਮਾਰੋਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਕਰਵਾਇਆ ਸੀ। ਹਾਲ ਵਿਚ ਬਹਿਣ ਦਾ ਪ੍ਰਬੰਧ ਵਧੀਆ ਸੀ। ਸਰੋਤਿਆਂ ਦੀ ਹਾਜ਼ਰੀ ਭਰਪੂਰ ਸੀ ਅਤੇ ਨੌਜਵਾਨਾਂ ਤੇ ਮੁਟਿਆਰਾਂ ਦੀ ਕਲਾਕਾਰੀ ਬਹੁਤ ਹੀ ਪ੍ਰਭਾਵਸ਼ਾਲੀ ਸੀ। ਸਰੋਤੇ ਵਾਰ ਵਾਰ ਤਾਲੀਆਂ ਵਜਾ ਕੇ ਉਹਨਾਂ ਦੀ ਪੇਸ਼ਕਾਰੀ ਨਾਲ ਆਪਣੇ ਮਨ ਦੀ ਖੁਸ਼ੀ ਸਾਂਝੀ ਕਰ ਰਹੇ ਸਨ।

**ਲੰਡਨ-29 ਅਗਸਤ-**

ਅੰਮ੍ਰਿਤ ਵੇਲੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਆਸਾ ਦੀ ਵਾਰ ਦੇ ਕੀਰਤਨ ਸਮੇਂ ਗੁਰਦੁਆਰਾ ਨਾਮਧਾਰੀ ਸਿੱਖ ਸੰਗਤ ਵਿਖੇ ਆਸਣ ਨੂੰ ਸੁਭਾਇਮਾਨ ਕਰ ਰਹੇ ਸਨ। ਸਾਧ ਸੰਗਤ ਨੂੰ ਵੀ ਪਤਾ ਸੀ :

***ਤੂ ਹਰ ਤੇਰਾ ਸਭ ਕੋ ਸਭ ਤੁਧ ਉਪਾਏ..।***

ਤੇ ਬੀਬੀ ਸਰਬਜੀਤ ਕੌਰ ਨੇ

***ਐਸੀ ਪ੍ਰੀਤ ਕਰੋ ਮਨ ਮੇਰੇ।।***

ਸ਼ਬਦ ਗਾਇਨ ਕੀਤਾ।

**ਇਕ ਮਹਤਵਪੂਰਨ ਇਕਤਰਤਾ-**

ਸ੍ਰੀ ਸਤਿਗੁਰੂ ਜੀ ਦਾ ਡੇਰਾ ਹਰਦਰਸ਼ਨ ਸਿੰਘ ਚਾਨਾ ਦੇ ਲੜਕਿਆਂ ਚਰਨਜੀਵ ਸਿੰਘ, ਸੰਦੀਪ ਸਿੰਘ ਤੇ ਉਦੈ ਸਿੰਘ ਚਾਨਾ ਦੇ ਗ੍ਰਹਿ ਵਿਖੇ ਲੰਡਨ ਸੀ। ਉਥੇ ਹੀ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਯੂ. ਕੇ. ਦੀਆਂ ਨਾਮਧਾਰੀ ਸੰਸਥਾਵਾਂ ਦੇ ਅਹੁਦੇਦਾਰਾਂ ਦੀ ਇਕੱਤਰਤਾ ਸੀ ਤਾਂਕਿ ਉਹ ਸਤਿਗੁਰੂ ਜੀ ਦੀ ਸੂਝ ਤੇ ਦ੍ਰਿਸ਼ਟੀਕੋਣ ਨੂੰ ਸਮਝ ਸਕਣ। ਸ੍ਰੀ ਸਤਿਗੁਰੂ ਜੀ ਸਮੇਂ ਤੇ ਸਥਿਤੀ ਅਨੁਸਾਰ ਦੂਰਗਾਮੀ ਨਜ਼ਰੀਏ ਨੂੰ ਧਿਆਨ ਵਿਚ ਰੱਖਦਿਆਂ ਵਿਸ਼ੇਸ਼ ਤੌਰ ਉਤੇ ਲੰਡਨ ਤੇ ਸਾਊਥਾਲ ਦੇ ਨਾਮਧਾਰੀ ਕੇਂਦਰਾਂ ਬਾਰੇ ਅਹਿਸਾਸ ਕਰਵਾਉਂਦਿਆਂ ਇਹਨਾਂ ਦੀਆਂ ਨਵੀਆਂ ਥਾਵਾਂ ਲਈ ਸੋਚਣ ਵੱਲ ਧਿਆਨ ਦਿਵਾਇਆ। ਨਾਮਧਾਰੀ ਸੰਸਥਾ ਦੇ ਨਵੇਂ ਰੂਪ ਬਾਰੇ ਵੀ ਚਰਚਾ ਸ਼ੁਰੂ ਹੋਈ। ਤਿੰਨ ਤਰ੍ਹਾਂ ਦੇ ਰੂਪ ਸਾਹਮਣੇ ਆਏ। ਪਹਿਲਾਂ : ਇਕ ਕੇਂਦਰੀ ਸੰਸਥਾ ਹੋ ਸਕਦੀ ਹੈ ਜਿਸ ਦੇ ਅਧੀਨ ਹੋਰ ਕੇਂਦਰਾਂ/ਗੁਰਦੁਆਰਿਆਂ ਦੀ ਸੰਗਤ ਦੀਆਂ ਸੰਸਥਾਵਾਂ ਕਮੇਟੀਆਂ ਹੋਣ। ਦੂਜਾ- ਸਾਰੀਆਂ ਸੰਸਥਾਵਾਂ ਵੱਖ ਵੱਖ ਹੋਣ ਪਰ ਕੇਂਦਰ ਨਾਲ ਜੁੜੀਆਂ ਹੋਣ। ਤੀਜਾ- ਪਹਿਲੀਆਂ ਦੋਹਾਂ ਦਾ ਮਿਲਸੋਭਾ ਹੋਵੇ (Hybrid)। ਬਹੁਤੇ ਵਿਚਾਰ ਕੇਂਦਰੀ ਤਾਕਤ ਦੇ ਹੱਕ ਵਿਚ ਸਨ ਕਿਉਂਕਿ ਇਸ ਦੇ ਬਹੁਤ ਸਾਰੇ ਲਾਹੇਵੰਦ ਪੱਖ ਸਨ ਪਰ ਕੁਝ ਖੇਤਰ ਅਨੁਸਾਰ (ਵਿਕੇਂਦਰਿਤ) ਤਾਕਤਾਂ ਦੇ ਹੱਕ ਵਿਚ ਸਨ। ਉਹਨਾਂ ਨੂੰ ਉਸ ਵਿਚ ਫਾਇਦਾ ਨਜ਼ਰ ਆਉਂਦਾ ਸੀ। ਸ੍ਰੀ ਸਤਿਗੁਰੂ ਜੀ ਨੂੰ ਕੇਂਦਰਿਤ ਢਾਂਚੇ ਦੀ ਸੋਚ ਵਿਚ ਸੰਗਤ ਦੇ ਵੱਧ ਭਲੇ ਦਾ ਸੁਖ ਲਗਾ।

ਨੌਜਵਾਨਾਂ ਦੇ ਸ਼ੰਕਿਆਂ ਦੀ ਨਿਵਰਤੀ ਲਈ ਇਕ ਘੰਟਾ ਨਾਮ ਸਿਮਰਨ ਤੋਂ ਵੱਖਰਾ ਸਮਾਂ ਰੱਖਣ ਦਾ ਹੁਕਮ ਹੋਇਆ ਮਰਯਾਦਾ ਸੰਬੰਧੀ ਕਿਸੇ ਤਰ੍ਹਾਂ ਦੀ ਮਨ ਮਰਜ਼ੀ ਦੀ ਖੁਲ੍ਹ ਨਹੀਂ ਸੀ। ਜਪ ਪ੍ਰਯੋਗ ਦਾ ਸਮਾਂ ਸਹੂਲਤ ਅਨੁਸਾਰ ਆਗਿਆ ਲੈ ਕੇ, ਤੈਅ ਕੀਤਾ ਜਾ ਸਕਦਾ ਹੈ। ਸਮੇਂ ਅਨੁਸਾਰ ਅਖੰਡ ਵਰਨੀ ਕਰਨੀ ਬਣਦੀ ਹੈ।

**ਪਿਛਲਾ ਪਹਿਰ-**

ਗੁਰਦੁਆਰਾ ਨਾਮਧਾਰੀ ਸਿੱਖ ਸੰਗਤ ਲੰਡਨ ਵਿਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਿਤਨੇਮ ਪਿਛੋਂ ਜੈ ਕੌਰ, ਜਸ ਕੌਰ, ਜਵੰਦ ਕੌਰ ਆਦਿ ਬੱਚਿਆਂ ਨੇ ਸ਼ਬਦ ਗਾਇਨ ਕੀਤੇ। ਰਾਗੀ ਤੇ ਕਲਾਕਾਰ ਬਲਵੰਤ ਸਿੰਘ ਨੇ ਸਤਿਗੁਰੂ ਜੀ ਦੀਆਂ ਸਿਖਾਈਆਂ ਆਪਣੀਆਂ ਅਤੇ ਹੋਰ ਉਸਤਾਦ ਸੰਗੀਤਕਾਰਾਂ ਦੀਆਂ ਬੰਦਿਸ਼ਾਂ/ਰੀਤਾਂ ਪੇਸ਼ ਕਰਕੇ ਸੰਗਤ ਦੀ ਵਾਹ ! ਵਾਹ ! ਖੱਟੀ। ਕਿਉਂਕਿ 39 ਸਾਲ ਪਹਿਲਾਂ ਸ੍ਰੀ ਸਤਿਗੁਰੂ ਜੀ ਇੰਗਲੈਂਡ ਵਿਚ ਮੀਂਹ ਦੇ ਦੇਵਤੇ ਵਜੋਂ ਮੀਡੀਆ ਵਲੋਂ ਪ੍ਰਚਾਰੇ ਗਏ ਸਨ ਸੋ ਬੰਦਿਸ਼ਾਂ ਵਿਚ ਵੀ ਉਹ ਰੰਗ ਸੀ ਜਿਵੇਂ :

-ਰਾਗ ਮੀਆਂ ਮਲ੍ਹਾਰ, ਧਮਾਰ
*- ਖੇਲਨ ਆਏ ਹੋਰੀ ਬਰਖਾ*
*ਸਮੈ ਘਨ ਗਰਜਤ*
ਤਰਾਨਾ - ਮੋਰ ਪਪੀਹਾ ਬੋਲਤ
*- ਐਸੀ ਬਰਸਨ ਲਗੀ ਹੈ*
*ਬਦਰੀਆ ਸਾਵਨ ਕੀ*
*- ਤੁਮ ਹੋ ਜਗਤ ਕੇ ਦਾਤਾ*
*- ਮੈ ਤੋ ਤੇਰੀ ਦਾਸੀ ਜਨਮ ਜਨਮ ਕੀ*

ਸ੍ਰੀ ਸਗਿਰੂ ਜਗਜੀਤ ਸਿੰਘ ਜੀ ਨੇ ਜਦ ਸੋਕੇ ਮਾਰੇ ਇੰਗਲੈਂਡ ਵਿਚ ਬਰਸਾਤ ਕਰਵਾਈ ਸੀ ਤਾਂ ਆਪ ਜੀ ਦੀ ਅਰਬਲਾ 56 ਕੁ ਵਰ੍ਹੇ ਦੀ ਸੀ। ਅੱਜ ਜਦ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਉਹ ਸਮਾਂ ਯਾਦ ਕੀਤਾ ਜਾ ਰਿਹਾ ਹੈ ਤਾਂ ਆਪ ਜੀ 57 ਸਾਲਾਂ ਦੇ ਹਨ। ਇਹ ਸੰਜੋਗ ਹੀ ਹੈ। ਸੰਤ ਸੁਲਖਣ ਸਿੰਘ ਜੰਡੂ ਨੇ ਚਰਨਾਂ ਵਿਚ ਰਹਿਣ ਦੇ ਸੁਖ ਨੂੰ ਕਹਿਣ ਕਥਨ ਤੋਂ ਬਾਹਰ ਦੱਸਿਆ। ਭਗਤ ਕਬੀਰ ਦੀ ਬਾਣੀ ਅਨੁਸਾਰ ਦੱਸਿਆ, ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪ੍ਰਵਾਨ। ਉਹਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਨਿਵਾਜਨ ਤੇ ਸਭ ਦੇ ਧੰਨ ਭਾਗ ਸਮਝੇ। ਹੁਕਮ ਅਨੁਸਾਰ ਉਹਨਾਂ ਨੇ ਨਾਮਧਾਰੀ ਸਿੱਖ ਸੰਗਤ ਯੂ. ਕੇ. ਦੀ ਨਵੀਂ ਕਮੇਟੀ ਬਾਰੇ ਦੱਸਿਆ ਜੋ ਹੇਠ ਲਿਖੇ ਅਨੁਸਾਰ ਬਣਾਈ ਗਈ :

| | |
|---|---|
| ਪ੍ਰਧਾਨ | : ਸੁਲਖਣ ਸਿੰਘ ਜੰਡੂ |
| ਮੀਤ ਪ੍ਰਧਾਨ | : ਹਰਮਿੰਦਰ ਸਿੰਘ ਚਾਨਾ |
| | ਗੁਰਸ਼ਰਨ ਸਿੰਘ ਸੁਰਧਰ |
| ਜਨਰਲ ਸਕੱਤਰ | : ਦਲਜੀਤ ਕੌਰ ਰਾਇਤ |
| ਸਹਾਇਕ ਸਕੱਤਰ | : ਅਜੀਤ ਸਿੰਘ |
| ਖਜ਼ਾਨਚੀ | : ਰਤਨ ਸਿੰਘ ਸੀਹਰਾ |

**(ਬਾਕੀ ਸਫਾ 4 'ਤੇ)**

# ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

## ਪੁਜਾਰੀਆਂ ਨੇ ਚਿਠੀ ਲਿਖਣੀ ਕੂਕੇ ਤਨਖਾਹੀਏ ਹੈਨ ਗੁਰੂ ਦੁਆਰੀ ਭੇਜਣੀ

ਗੁਰਦੁਵਾਰੀਂ ਨਾ ਇਨਾਂ ਨੂੰ ਬੜਨ ਦੇਣਾ ਧਕੇ ਮਾਰਕੇ ਦੇਣੇਂ ਨਿਕਾਰ ਸਾਰੇ।
ਭੁਲ ਇਨਾਂ ਦੀ ਨਹੀਂ ਅਰਦਾਸ ਕਰਨੀ ਤੁਸੀਂ ਲਿਓ ਨਾ ਭੇਟ ਤੇ ਕਾਰ ਸਾਰੇ।
ਮਾਰ ਕੁਟ ਤੇ ਗਾਲ ਗਲਚ ਕਰਨੀ ਦੂਰੋਂ ਦੇਖਕੇ ਦੇਨੇ ਦੁਰਕਾਰ ਸਾਰੇ।
ਮਥਾ ਟੇਕਣ ਨਾਂ ਦੇਵਣਾ ਗੁਰ ਦੁਵਾਰੀਂ ਸਾਡੇ ਤੁਸੀਂ ਭਾਈ ਜਥੇਦਾਰ ਸਾਰੇ।
ਕੋਈ ਪੁਛੇ ਤਾਂ ਆਖ ਸੁਣਾਏ ਦੇਣਾ ਹੁਕਮ ਤਖਤ ਅਕਾਲ ਉਚਾਰ ਸਾਰੇ।
ਅੰਮ੍ਰਿਤਸਰੋਂ ਨਾ ਲਿਖਿਆ ਝੂਠ ਸਾਨੂੰ ਏਹੋ ਆਖਿਓ ਤੁਸੀ ਪੁਕਾਰ ਸਾਰੇ।
ਸੰਮਤ ਉਨੀ ਸੌ ਉਨੀ ਦੇ ਵਿਚ ਭਾਈ ਚਿਠੀ ਭੇਜ ਕੀਤੇ ਖਬਰਦਾਰ ਸਾਰੇ।
ਏਵੇਂ ਨਾਲ ਕਰਦੇ ਨਾਮਧਾਰੀਆਂ ਦੇ ਜਿਵੇਂ ਲਿਖਦੇ ਕਲਮ ਪਸਾਰ ਸਾਰੇ।
ਕਾਲਾ ਸਿੰਘ ਪੁਜਾਰੀ ਨੇ ਕਠ ਕਰਕੇ ਬੇੜਾ ਡੋਬਦੇ ਨੇ ਨੈਂਦੀ ਧਾਰ ਸਾਰੇ।

(ਚਲਦਾ)

### ਜੰਗ-ਏ-ਆਜ਼ਾਦੀ ਸੰਬੰਧੀ ਫਿਲਮ ਬਾਰੇ

# ਸ਼ਿਆਮ ਬੈਨੇਗਲ ਅਤੇ ਡਾ. ਬਰਜਿੰਦਰ ਸਿੰਘ ਨਾਲ ਵਿਸ਼ੇਸ਼ ਮੀਟਿੰਗ

7 ਸਤੰਬਰ, ਸੋਮਵਾਰ, ਫ਼ਿਲਮ ਜਗਤ ਦੇ ਪ੍ਰਸਿੱਧ ਡਾਇਰੈਕਟਰ ਸ਼੍ਰੀ ਸ਼ਿਆਮ ਬੈਨੇਗਲ ਅਤੇ ਅਜੀਤ ਅਖ਼ਬਾਰ ਸਮੂਹ ਦੇ ਮਾਲਕ ਡਾ. ਬਰਜਿੰਦਰ ਸਿੰਘ ਹਮਦਰਦ ਨਾਲ ਅੱਜ ਜਲੰਧਰ ਵਿਖੇ ਨਾਮਧਾਰੀ ਦਰਬਾਰ ਦੇ ਪ੍ਰਤੀਨਿਧਾਂ ਨਾਲ ਇਕ ਵਿਸ਼ੇਸ਼ ਮੀਟਿੰਗ ਹੋਈ।

ਪੰਜਾਬ ਸਰਕਾਰ ਨੇ ਦੇਸ਼ ਦੀ ਸੁੰਤਤਰਤਾ ਸੰਘਰਸ਼ ਵਿੱਚ ਪੰਜਾਬ ਦੇ ਯੋਗਦਾਨ ਪਾਉਣ ਬਾਰੇ ਕਰਤਾਰ ਪੁਰ ਦੇ ਨੇੜੇ 'ਜੰਗ-ਏ-ਆਜ਼ਾਦੀ' ਬਾਰੇ ਯਾਦਗਾਰ ਬਣਾਈ ਜਾ ਰਹੀ ਹੈ ਜਿਸ ਵਿੱਚ ਹੋਰ ਜਾਣਕਾਰੀਆਂ ਤੋਂ ਇਲਾਵਾ ਮਿਊਜ਼ਿਅਮ ਅਤੇ ਸੰਬਧਤ ਫ਼ਿਲਮ ਵੀ ਹੋਵੇਗੀ। ਡਾ. ਬਰਜਿੰਦਰ ਸਿੰਘ ਜੀ ਪੰਜਾਬ ਸਰਕਾਰ ਵੱਲੋਂ ਇਸ ਪ੍ਰੋਜੈਕਟ ਦੇ ਮੁਖੀ ਹਨ। 8 ਅਗਸਤ ਨੂੰ ਜਦੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਅਜੀਤ ਅਖ਼ਬਾਰ ਦੇ ਦਫ਼ਤਰ ਗਏ ਸਨ ਤਾਂ ਉਸ ਸਮੇਂ ਡਾ. ਬਰਜਿੰਦਰ ਸਿੰਘ ਨੇ ਨਿੱਘਾ ਸਵਾਗਤ ਕਰਦਿਆਂ ਹੋਇਆਂ ਜੰਗ-ਏ-ਆਜ਼ਾਦੀ ਦੇ ਮੈਮੋਰਿਅਲ ਦੇ ਬਣਾਏ ਜਾਣ ਬਾਰੇ ਸਤਿਗੁਰੂ ਜੀ ਨੂੰ ਜਾਣਕਾਰੀ ਦਿੱਤੀ ਸੀ ਅਤੇ ਇਹ ਵੀ ਦੱਸਿਆ ਸੀ ਕਿ ਆਜ਼ਾਦੀ ਸੰਘਰਸ਼ ਤੇ ਬਣ ਰਹੀ ਫ਼ਿਲਮ ਵਿੱਚ 'ਕੂਕਾ ਮੂਵਮੈਂਟ' ਨੂੰ ਵੀ ਪ੍ਰਮੁੱਖ ਤੌਰ ਤੇ ਸ਼ਾਮਲ ਕੀਤਾ ਗਿਆ ਹੈ ਅਤੇ ਮਸ਼ਹੂਰ ਫ਼ਿਲਮ ਨਿਰਮਾਤਾ ਸ਼ਿਆਮ ਬੈਨੇਗਲ ਇਸ ਫ਼ਿਲਮ ਨੂੰ ਤਿਆਰ ਕਰ ਰਹੇ ਹਨ। ਇਸ ਮੁਲਾਕਾਤ ਦੌਰਾਨ ਹੀ ਹੰਸਪਾਲ ਜੀ ਵਲੋਂ ਬਰਜਿੰਦਰ ਜੀ ਨੂੰ ਆਖਿਆ ਗਿਆ ਸੀ ਕਿ ਕੂਕਿਆਂ ਬਾਰੇ ਜਿੰਨ੍ਹੀ ਕੁ ਫ਼ਿਲਮ ਬਣੀ ਹੈ ਉਹ ਦਖਾ ਲਈ ਜਾਵੇ ਤਾਂ ਜੋ 'ਕੂਕਾ ਇਤਿਹਾਸ' ਠੀਕ ਤਰੀਕੇ ਨਾਲ ਪੇਸ਼ ਹੋਵੇ। ਫੇਰ ਪਤਾ ਲਗਾ ਸੀ ਕਿ ਬਣਾਈ ਜਾ ਰਹੀ ਫ਼ਿਲਮ ਵਿੱਚ ਮਲੇਰਕੋਟਲੇ ਦੀ ਘਟਨਾ ਵਿੱਚ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਇਆ ਜਾਂਦਾ ਦਿਖਾਇਆ ਗਿਆ ਹੈ। ਇਸ ਮਸਲੇ ਤੇ ਹੰਸਪਾਲ ਜੀ ਅਤੇ ਸ਼ਿਆਮ ਬੈਨੇਗਲ ਵਿਚਕਾਰ ਡਾ. ਬਰਜਿੰਦਰ ਜੀ ਦੀ ਮਾਰਫ਼ਤ ਵਿਚਾਰਾਂ ਦੀ ਖ਼ਤ-ਪੱਤਰੀ ਹੋਈ ਅਤੇ ਅੰਤਮ ਤੌਰ ਤੇ ਨਿਰਨਾ ਹੋਇਆਂ ਕਿ 7 ਸਤੰਬਰ ਸ਼ਾਮ ਨੂੰ 7.30 ਸਮੇਂ ਜਲੰਧਰ ਸਭ ਇਕੱਠੇ ਹੋਣਗੇ ਅਤੇ ਫ਼ਿਲਮ ਵੇਖ ਕੇ ਮੌਕੇ ਤੇ ਹੀ ਸੁਝਾਅ ਦੱਸੇ ਜਾਣਗੇ। ਇਸ ਸਿਲਸਿਲੇ ਵਿੱਚ 7 ਸਤੰਬਰ ਨੂੰ ਜਲੰਧਰ ਵਿਖੇ ਮੀਟਿੰਗ ਹੋ ਰਹੀ ਸੀ।

ਇਸ ਮਹੱਤਵਪੂਰਕ ਮੀਟਿੰਗ ਦਾ ਡਾ. ਬਰਜਿੰਦਰ ਸਿੰਘ ਨੇ ਸੰਚਾਲਨ ਕਰਨਾ ਸੀ ਅਤੇ ਉਹਨਾਂ ਦੇ ਨਾਲ ਸ਼ਿਆਮ ਬੈਨੇਗਲ ਅਤੇ ਉਹਨਾਂ ਦੇ ਸਹਿਯੋਗੀਆਂ ਨੇ ਭਾਗ ਲੈਣਾ ਸੀ। ਨਾਮਧਾਰੀ ਸਿੱਖਾਂ ਵੱਲੋਂ ਸ੍ਰ. ਹਰਵਿੰਦਰ ਸਿੰਘ ਹੰਸਪਾਲ, ਪ੍ਰਧਾਨ ਨਾਮਧਾਰੀ ਦਰਬਾਰ ਅਗਵਾਈ ਕਰ ਰਹੇ ਸਨ ਅਤੇ ਉਹਨਾਂ ਦੇ ਸਹਿਯੋਗ ਲਈ ਸੁਰਿੰਦਰ ਸਿੰਘ ਨਾਮਧਾਰੀ, ਜਸਵਿੰਦਰ ਸਿੰਘ ਹਿਸਟੋਰੀਅਨ, ਬਲਦੇਵ ਸਿੰਘ (ਕਾਕੂ), ਸੁਰਿੰਦਰ ਕੌਰ ਖ਼ਰਲ, ਨਰੈਣ ਸਿੰਘ ਜਲੰਧਰ, ਅਤੇ ਹੋਰ ਸਹਿਯੋਗੀ ਨਾਲ ਸਨ।

ਡਾ. ਬਰਜਿੰਦਰ ਸਿੰਘ ਦਾ ਸਤਿਗੁਰੂ ਜੀ ਅਤੇ ਨਾਮਧਾਰੀ ਸਮਾਜ ਨਾਲ ਵਿਸ਼ੇਸ਼ ਸਨੇਹ ਹੈ। ਉਹਨਾਂ ਨੇ ਮੀਟਿੰਗ ਬੜੇ ਹੀ ਸੁਚੱਜੇ ਢੰਗ ਨਾਲ ਚਲਾਈ। ਫ਼ਿਲਮ ਵਿੱਚ ਕੂਕਿਆਂ ਦੇ ਤੋਪਾਂ ਨਾਲ ਬੰਨ੍ਹ ਕੇ ਉਡਾਉਣ ਬਾਰੇ ਵਿਸ਼ੇਸ਼ ਚਰਚਾ ਹੋਈ ਅਤੇ ਇਸ ਤੋਂ ਇਲਾਵਾ ਇਸ ਨੂੰ ਚੰਗੇ ਬਣਾਉਣ ਬਾਰੇ ਵੀ ਵਿਚਾਰ ਹੋਈ। ਬਰਜਿੰਦਰ ਜੀ ਨੇ ਸਾਰੇ ਤੱਥ ਬੜੇ ਹੀ ਸਿਆਣੇ ਢੰਗ ਨਾਲ ਸ਼ਿਆਮ ਬੈਨੇਗਲ ਨੂੰ ਪ੍ਰਮਾਣ ਦੇ ਕੇ ਇਹਨਾਂ ਨੂੰ ਠੀਕ ਕਰਨ ਬਾਰੇ ਦੱਸਿਆ। ਠੀਕ ਕੀਤੀ ਗਈ ਮਲੇਰਕੋਟਲੇ ਦੀ ਘਟਨਾਂ ਵਿਚ ਕੂਕਿਆਂ ਨੂੰ ਤੋਪਾਂ ਸਾਹਮਣੇ ਖੜੇ ਕਰਕੇ ਉਡਾਉਣ ਦਾ ਦ੍ਰਿਸ਼ ਆਵੇਗਾ। ਸ਼ਿਆਮ ਬੈਨੇਗਲ ਨੇ ਭਰੋਸਾ ਦਵਾਇਆ ਕਿ ਜੋ ਵਿਚਾਰਾਂ ਇਸ ਮੀਟਿੰਗ ਵਿੱਚ ਦੱਸੀਆਂ ਗਈਆ ਹਨ, ਉਹਨਾਂ ਨੂੰ ਠੀਕ ਕਰ ਲਿਆ ਜਾਵੇਗਾ। ਇਸ ਮੀਟਿੰਗ ਦਾ ਸਕਾਰਾਤਮਕ ਪਹਿਲੂ ਇਹ ਸੀ ਕਿ ਡਾ. ਬਰਜਿੰਦਰ ਜੀ ਦੇ ਸਹਿਯੋਗ ਅਤੇ ਸਿਆਣਪ ਰਾਹੀਂ ਇਹ ਗੋਸ਼ਠੀ ਢੰਗ ਮਾਹੌਲ ਵਿਚ ਸਮਾਪਤ ਹੋਈ। ਅੰਤ ਵਿੱਚ ਹੰਸਪਾਲ ਜੀ ਨੇ ਬਰਜਿੰਦਰ ਜੀ ਅਤੇ ਸ਼ਿਆਮ ਬੈਨੇਗਲ ਦਾ ਧਨਵਾਦ ਕੀਤਾ। ਇਸ ਗੋਸ਼ਠੀ ਦੀ ਫੋਟੋਗ੍ਰਾਫੀ ਭਗਵੰਤ ਸਿੰਘ ਹੁਰਾਂ ਨੇ ਕੀਤੀ।

ਇਹ ਮਹੱਤਵਪੂਰਨ ਮੀਟਿੰਗ ਤੋਂ ਪਹਿਲਾਂ ਦੋਪਹਿਰ ਨੂੰ ਹੰਸਪਾਲ ਜੀ, ਜਸਵਿੰਦਰ ਸਿੰਘ ਹਿਸਟੋਰੀਅਨ, ਨਰੈਣ ਸਿੰਘ ਅਤੇ ਪ੍ਰਿਤਪਾਲ ਸਿੰਘ ਨਾਲ ਜਗਦੀਸ ਵਰਿਆਮ ਜੀ ਨੂੰ ਉਹਨਾਂ ਦੇ ਘਰ ਮਿਲਣ ਗਏ ਅਤੇ ਉਹਨਾਂ ਦੀ ਸਿਹਤ ਬਾਰੇ ਪੁਛਿਆ। ਮਨ ਕਰਕੇ ਵਰਿਆਮ ਜੀ ਚੜ੍ਹਦੀ ਕਲਾ ਵਿਚ ਸਨ।

**-ਜਸਵਿੰਦਰ ਸਿੰਘ 'ਹਿਸਟੋਰੀਅਨ'**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਰਹਿਤਨਾਮੇ ਦਾ ਪਾਠ ਕਰਿਆ ਕਰੋ



*ਸਤਿਗੁਰੂ ਨੇ ਤਾਂ ਆਪਣੇ ਰਹਿਤਨਾਮੇ ਵਿਚ ਲਿਖਿਆ ਹੈ - ਮੈਂ ਨਾਮਧਾਰੀ ਸਿੱਖਾਂ ਨੂੰ ਅਰਜ਼ ਕਰਾਂਗਾ ਕਿ ਗੁਟਕੇ ਮੰਗਵਾਓ ਤੇ ਉਹਦੇ ਵਿਚੋਂ ਰਹਿਤਨਾਮੇ ਦਾ ਪਾਠ ਜ਼ਰੂਰ ਕਰਿਆ ਕਰੋ, ਬਹੁਤ ਕੀਮਤੀ ਗੱਲਾਂ ਸਾਡੇ ਵਾਸਤੇ ਲਿਖੀਆਂ ਨੇ। ਲਿਖਿਆ ਹੈ-*

***ਮੰਦਾ ਫਿਕਾ ਨਹੀਂ ਬੋਲਣਾ, ਜੇ ਕੋਈ ਮਾਰੇ ਤਾਂ ਭੀ ਖਿਮਾਂ ਕਰਨੀ, ਧੀਰਜ ਰੱਖਣਾ, ਧੀਰਜ ਰੱਖਣ ਵਾਲਿਆਂ ਦੇ ਗੁਰੂ ਅੰਗ ਸੰਗ ਹੈ।***

*ਇਕ ਪਾਸੇ ਤਾਂ ਸਾਡੀ ਆਪਣੀ ਤਾਕਤ ਹੈ, ਇਕ ਪਾਸੇ ਜੇ ਖਿਮਾ-ਧੀਰਜ ਰੱਖੀਏ ਤਾਂ ਗੁਰੂ ਦੀ ਤਾਕਤ ਹੈ। ਉਹ ਤਾਕਤ ਜਿਸ ਵਾਸਤੇ ਲਿਖਿਆ ਹੈ-*

***ਜਾਮਿ ਗੁਰੂ ਹੋਇ ਵਲਿ***
***ਧਨਹਿ ਕਿਆ ਗਾਰਵੁ ਦਿਜਇ।।***
***ਜਾਮਿ ਗੁਰੂ ਹੋਇ ਵਲਿ***
***ਲਖ ਬਾਹੇ ਕਿਆ ਕਿਜਇ।।***

*ਲੱਖ ਬਾਹਾਂ ਵੀ ਉਥੇ ਕੁਝ ਨਹੀਂ ਕਰ ਸਕਦੀਆਂ।*

# ਗੁਰ-ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਾਰੇ ਬੱਚੇ ਸਾਡੇ ਤੋਂ ਚੰਗੇ ਸਿੱਖ ਹੋਣ



*ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦਾ ਦੇਣਾ ਤਾਂ ਅਸੀਂ ਕਈ ਜਨਮ ਧਾਰ ਕੇ ਵੀ ਨਹੀਂ ਦੇ ਸਕਦੇ। ਸੱਚੇ ਪਾਤਸ਼ਾਹ ਨੇ ਸਾਨੂੰ ਨਾਮ ਨਾਲ ਜੋੜਿਆ ਹੈ, ਸਾਨੂੰ ਜ਼ਬਰਦਸਤੀ ਵੀ ਜੋੜਿਆ, ਜਿਹੜੇ ਤੁਸੀਂ ਮੇਰੀ ਉਮਰ ਦੇ ਹੋ ਤੁਹਾਨੂੰ ਕਈਆਂ ਨੂੰ ਪਤਾ ਹੈ ਕਿ ਸੱਚੇ ਪਾਤਸ਼ਾਹ ਟੈਲੀਫੋਨ ਕਰ-ਕਰ ਕੇ ਉਠਾਇਆ, ਜੇ ਅਸੀਂ ਕੋਲ ਹੋਏ ਤਾਂ ਸਾਡੇ ਕਮਰਿਆਂ ਵਿਚ ਜਾ ਕੇ ਉਠਾਇਆ ਤੇ ਇਹ ਵੇਖਿਆ ਕਿ ਇਹ ਬੱਚਾ ਆ ਕੇ ਮੇਰੇ ਕੋਲ ਬੈਠ ਕੇ ਨਾਮ ਸਿਮਰਨ ਕਰਦਾ ਹੈ ਕੀ ਨਹੀਂ। ਏਨਾਂ ਧਿਆਨ ਸ਼ਾਇਦ ਕਿਸੇ ਦੇ ਮਾਪੇ ਵੀ ਨਹੀਂ ਕਰਦੇ, ਕਿ ਸਾਡਾ ਬੱਚਾ ਸੁਖੀ ਰਹੇ। ਉਹ ਨਾਮ ਨਾਲ ਕਿਸ ਲਈ ਜੋੜਿਆ, ਨਾਮ ਨਾਲ ਜੁੜ ਕੇ ਇਹ ਸੁਖੀ ਹੋਣਗੇ।, ਅਸੀਂ ਉਸ ਸੱਚੇ ਪਾਤਸ਼ਾਹ ਜੀ ਦਾ ਮੇਲਾ ਮਨਾਉਣਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ (ਪੰਜ ਭਾਦਰੋਂ) ਅਤੇ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦਾ ਗੁਰਗੱਦੀ ਦਿਵਸ।*

*ਇਹ ਦਿਨ ਮਨਾ ਲਏ, ਇਹ ਮੇਲੇ ਕਰ ਲਏ ਇਹ ਵੀ ਬੜੀ ਵਧੀਆ ਗੱਲ ਹੈ। ਪਰ ਇਹ ਮੇਲਿਆਂ ਦਾ ਫਾਇਦਾ ਤਾਂ ਹੈ ਜੇ ਮੇਲਿਆਂ ਤੇ ਆ ਕੇ ਅਸੀਂ ਉਹਨਾਂ ਦਾ ਹੁਕਮ ਮੰਨੀਏ। ਅਸੀਂ ਸੱਚੇ ਪਾਤਸ਼ਾਹ ਜੀ ਦਾ ਹੁਕਮ ਯਾਦ ਕਰਕੇ ਤੇ ਅਗੇ ਤੋਂ ਹੋਰ ਪ੍ਰੋਗਰੈਸ (ਤਰੱਕੀ) ਕਰੀਏ। ਸਾਡਾ ਇਹ ਜੀਅ ਕਰਦੈ ਕਿ ਜਿਹੜੇ ਉਹਨਾਂ ਦੇ ਹੁਕਮ, ਮੰਨ ਕੇ ਅਸੀਂ ਸੁਖ ਲੈ ਰਹੇ ਹਾਂ ਇਹ ਸੁਖ ਦੂਸਰਿਆਂ ਕੋਲ ਵੀ ਪਹੁੰਚਣ। ਸਤਿਗੁਰੂ ਸੱਚੇ ਪਾਤਸ਼ਾਹ ਅਕਸਰ ਇਹ ਹੁਕਮ ਕਰਦੇ ਹੁੰਦੇ ਸੀ ਕਿ ਤੁਹਾਡਾ ਇਹ ਜੀ ਕਰਦੈ ਕਿ ਮੇਰੇ ਬੱਚੇ ਕੋਲ ਮੇਰੇ ਤੋਂ ਜ਼ਿਆਦਾ ਪੈਸੇ ਹੋਣ ਤਾਂ ਸਾਡਾ ਇਹ ਜੀ ਕਰੇ ਕਿ ਸਾਡੇ ਬੱਚੇ ਸਾਡੇ ਨਾਲੋਂ ਚੰਗੇ ਸਿੱਖ ਹੋਣ, ਜਿਥੇ ਅਸੀਂ ਨਹੀਂ ਪਹੁੰਚ ਸਕੇ ਉਹ ਬੱਚੇ ਉਥੇ ਵੀ ਪਹੁੰਚ ਸਕਣ ਅਤੇ ਗੁਰਸਿਖੀ ਮਾਰਗ ਤੇ ਚਲਦਿਆਂ ਆਪਣਾ ਜੀਵਨ ਸਫਲਾ ਕਰ ਸਕਣ।*

*ਨੋਰਥੋਲਟ, (ਯੂ. ਕੇ.) 22 ਅਗਸਤ 2015*

# ਯੂ. ਕੇ. ਦੀ ਸੰਗਤ ਵਲੋਂ ਸਤਿਗੁਰੂ ਜੀ ਦਾ ਸੁਆਗਤ

(ਬਾਕੀ ਸਫਾ 2 ਦੀ)

ਪਰਚਾਰ ਸਕੱਤਰ : ਜੀਤੇਜ ਸਿੰਘ, ਚਰਨਜੀਵ ਸਿੰਘ ਚਾਨਾ

ਮੈਂਬਰ ਕਾਰਜਕਾਰਨੀ : ਇੰਦਰਜੀਤ ਸਿੰਘ ਮਠਾੜੂ, ਹਰਵਿੰਦਰ ਸਿੰਘ ਸਿਆਣ, ਗੁਰਮੁਖ ਸਿੰਘ ਰੂਪਰਾਇ, ਕੁਲਦੀਪ ਸਿੰਘ ਊਭੀ, ਗੁਰਦਿਆਲ ਸਿੰਘ ਫਿਲੌਰਾ

ਆਪਣੀ ਮਧੁਰ ਸੰਗੀਤ, ਗੁਰਬਾਣੀ ਰੀਤਾਂ ਆਦਿ ਗਾਉਣ ਅਤੇ ਹੋਰ ਸੇਵਾਵਾਂ ਲਈ ਸੰਗਤ ਵਲੋਂ ਸਤਿਗੁਰੂ ਜੀ ਦੇ ਕਰ ਕੰਵਲਾਂ ਦੁਆਰਾ ਅਗੇ ਲਿਖੇ ਵਿਅਕਤੀਆਂ ਨੂੰ ਮਾਨ ਸਨਮਾਨ ਅਤੇ ਬਖਸ਼ਸ਼ਾਂ ਪ੍ਰਦਾਨ ਕੀਤੀਆਂ ਗਈਆਂ :

ਸਰਵ ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਕ੍ਰਿਪਾਲ ਸਿੰਘ ਪਨੇਸਰ, ਉਦੈ ਸਿੰਘ ਚਾਨਾ, ਗੁਰਦਿਤ ਸਿੰਘ ਪਨੇਸਰ, ਬਲਵੰਤ ਸਿੰਘ ਪਨੇਸਰ, ਰਾਜਬੀਰ ਸਿੰਘ ਭੱਚੂ ਅਤੇ ਤਰਨਜੀਤ ਸਿੰਘ।

ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੁਆਰਾ ਸਾਧ ਸੰਗਤ ਦੀ ਰਹਿਨੁਮਾਈ ਕਰਦਿਆਂ ਫੁਰਮਾਇਆ, **"ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਫੁਰਮਾਨ ਹੈ ਕਿ ਹਰ ਬੱਚੇ ਵਿਚੋਂ ਸੰਗੀਤ ਦੀ ਖੁਸ਼ਬੂ ਆਵੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਜੀ ਦੀਆਂ ਬਖਸ਼ੀਆਂ ਪੁਰਾਣੀਆਂ ਰੀਤਾਂ ਵਿਚ ਵਾਧਾ ਕੀਤਾ, ਉਹਨਾਂ ਨੇ ਬੰਦਿਸ਼ਾਂ/ਰੀਤਾਂ ਆਪ ਗਾਈਆਂ ਤਿਆਰ ਕੀਤੀਆਂ ਤੇ ਨੌਜਵਾਨਾਂ ਨੂੰ ਸਿਖਾਈਆਂ। ਉਹਨਾਂ ਨੂੰ ਵਡੇ ਵਡੇ ਉਸਤਾਦਾਂ ਕਲਾਕਾਰਾਂ ਦੇ ਕੋਲ ਭੇਜਿਆ। ਉਹ ਨੌਜਵਾਨ ਜਿਵੇਂ ਉਸਤਾਦ ਹਰਭਜਨ ਸਿੰਘ, ਉਸਤਾਦ ਗੁਰਦੇਵ ਸਿੰਘ ਆਦਿ ਖੁਦ ਸਿਖਾਉਂਦੇ ਹਨ। ਸਤਿਗੁਰੂ ਜੀ ਦਾ ਦਿਤਾ ਤੇਰੇ ਭਾਣੇ ਸਰਬਤ ਦਾ ਭਲਾ, 'ਸ਼ਾਇਦ ਸਿੱਖਾਂ ਬਿਨਾਂ ਕਿਸੇ ਵਿੱਚ ਨਹੀਂ ਹੈ। ਉਹ ਹੀ ਸਮਝਦੇ ਹਨ, ਸਭ ਮਹਿ ਰਵ ਰਹਿਆ ਪ੍ਰਭ ਏਕੋ। ਤੁਸੀਂ ਇਸ ਦਾ ਪ੍ਰਚਾਰ ਕਰੋ। ਸਿੱਖ ਇਮਾਨਦਾਰੀ ਨਾਲ ਸੇਵਾ ਕਰ ਸਕੇ, ਅਰਦਾਸ ਕਰੋ।"**

ਆਪ ਨੇ ਹੋਰ ਫੁਰਮਾਇਆ, **"ਸੂਬੇ, ਸਾਰਿਆਂ ਨੂੰ ਨਾਮ ਸਿਮਰਨ ਵੱਲ ਲਾਉਣ, ਸਭ ਦੇ ਘਰ ਜਾਕੇ ਪੁੱਛਣ ਨਾਮ ਸਿਮਰਨ ਹੁੰਦਾ ਹੈ ਜਾਂ ਨਹੀਂ। ਉਹ ਰਜਿਸਟਰ ਲਾਉਣ ਉਸ ਉਤੇ ਨੋਟ ਕਰਨ। ਦੂਸਰੇ ਤੀਸਰੇ ਮਹੀਨੇ ਅਖੰਡ ਵਰਨੀ ਵੀ ਹੋਵੇ। ਬੱਚੇ ਗੁਰਬਾਣੀ ਦਾ ਪਾਠ ਕਰਨ, ਪੰਜਾਬੀ ਪੜ੍ਹਨ, ਛੋਟੇ ਬੱਚੇ ਵੀ ਸਵੇਰੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਉਠ ਕੇ ਇਸ਼ਨਾਨ ਪਾਣੀ ਕਰਨ ਤੇ ਨਾਮ ਸਿਮਰਨ ਕਰਨ। ਇਹ ਜਾਰੀ ਰਹਿਣਾ ਚਾਹੀਦਾ ਹੈ।"**

ਆਪ ਨੇ ਲੰਗਰ ਪਾਣੀ ਦੀ ਤੇ ਹੋਰ ਪ੍ਰਕਾਰ ਦੀ ਸੇਵਾ ਕਰਨ ਵਾਲਿਆਂ ਦੀ ਸੇਵਾ ਪ੍ਰਵਾਨ ਕਰਦਿਆਂ ਖੁਸ਼ੀਆਂ ਬਖਸ਼ੀਆਂ।

**ਲੰਡਨ, 30 ਅਗਸਤ–**

ਐਤਵਾਰ ਏਥੇ ਅੱਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਸਾ ਦੀ ਵਾਰ ਦਾ ਕੀਰਤਨ ਸੰਤ ਗੁਰਸ਼ਰਨ ਸਿੰਘ ਸੁਰਧਰ ਤੇ ਸਾਥੀਆਂ ਨੇ ਮਿਠੀਆਂ ਸੁਰਾਂ ਵਿਚ ਕੀਤਾ। ਉਹ ਸਮਝਦੇ ਸਨ ਕਿ ਗੁਰਸਿਖੀ ਦੀ ਘਾਲ ਥਾਇ ਪਈ...। ਉਹਨਾਂ ਤੋਂ ਬਾਅਦ ਹਰਨਾਮ ਕੌਰ, ਸੰਤ ਕੌਰ, ਰਤਨ ਕੌਰ ਸੱਗੂ, ਰਤਨ ਕੌਰ ਰੀਹਲ, ਇਕਬਾਲ ਕੌਰ, ਸੰਤ ਸਿੰਘ, ਸੁਰਿੰਦਰ ਸਿੰਘ, ਜਵੰਦ ਕੌਰ ਆਦਿ ਬੱਚਿਆਂ ਨੇ ਸ਼ਬਦ ਗਾਇਨ ਕੀਤੇ ਤੇ ਪ੍ਰੋਗਰਾਮ ਦੀ ਸਮਾਪਤੀ ਹੋਈ।

**ਪਿਛਲੇ ਪਹਿਰ ਦਾ ਪ੍ਰੋਗਰਾਮ**

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦਾ ਸੁਵਾਮੀ ਨਰਾਇਣ ਮੰਦਰ ਲੀਸਡਨ ਵਿਖੇ ਸੁਆਗਤ ਸਤਿਕਾਰ

ਮੰਦਰ ਦੇ ਦਰਵਾਜੇ ਤੇ ਆਪ ਜੀ ਦੇ ਪਹੁੰਚਦਿਆਂ ਹੀ ਬੜੇ ਤਰੀਕੇ ਨਾਲ ਮੰਦਰ ਦੇ ਸੁਆਮੀਆਂ ਆਪ ਜੀ ਨੂੰ ਫੁੱਲਾਂ ਦੇ ਹਾਰ ਪਹਿਨਾਏ। ਅਕਸਰ ਧਾਮ ਮੰਦਰ ਦਿੱਲੀ ਦੇ, ਏਥੇ ਆਏ ਹੋਏ ਮੁੱਖ ਸੁਆਮੀ ਸ੍ਰੀ ਆਤਮ ਸਰੂਪ ਨੇ ਸ੍ਰੀ ਸਤਿਗੁਰੂ ਜੀ ਤੇ ਬੀਬੀ ਗੁਰਸ਼ਰਨ ਕੌਰ ਨੂੰ ਤਿਲਕ ਲਾ ਕੇ ਸਨਮਾਨਿਤ ਕੀਤਾ। ਉਹ ਆਪ ਜੀ ਨੂੰ ਇਸ ਮੰਦਰ, ਏਥੋਂ ਦੀ ਵਿਚਾਰਧਾਰਾ, ਮਰਯਾਦਾ, ਦੇਹਧਾਰੀ ਗੁਰੂ ਦੀ ਪ੍ਰਪੰਰਾ ਬਾਰੇ ਜਾਣਕਾਰੀ ਦਿੰਦੇ, ਆਪ ਜੀ ਦੀ ਅਗਵਾਈ ਕਰਦੇ ਮੁੱਖ ਮੰਦਰ ਵਿਚ ਲੈ ਕੇ ਗਏ ਜਿਥੇ ਭਾਰਤੀ ਹਿੰਦੂ ਪ੍ਰਪੰਰਾ ਅਨੁਸਾਰ ਸਥਾਪਿਤ ਮੂਰਤੀਆਂ ਬਾਰੇ ਆਪ ਨਾਲ ਬਚਨ ਬਿਲਾਸ ਕਰਦੇ ਗਏ। ਉਹਨਾਂ ਸੁਆਮੀਆਂ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਨੇ ਉਹਨਾਂ ਦੀਆਂ ਗੁਰੂ ਮੂਰਤੀਆਂ ਨੂੰ ਪੁਸ਼ਪ ਚੜਾਏ।

ਸੁਆਮੀ ਨਰਾਇਣ, ਪ੍ਰਭੂ ਭਗਤੀ ਤੇ ਸੇਵਾ ਭਾਵਨਾ ਵਾਲੀ ਧਾਰਮਿਕ ਸੰਸਥਾ ਹੈ, ਇਹ ਸ਼ੁੱਧ ਸ਼ਾਕਾਹਾਰੀ ਹੈ। ਇਸ ਸੰਸਥਾ ਦਾ ਪੂਰਾ ਨਾਮ BOCHASANWASI SHRI AKSHAR PORUSHADTTAM SWAMI NARAYAN (BAPS) ਹੈ। ਇਸ ਦੇ ਮੰਦਰ ਭਾਰਤੀ ਭਵਨ ਨਿਰਮਾਣ ਤੇ ਮੂਰਤੀ ਕਲਾ ਦੀ ਮੂਹੋਂ ਬੋਲਦੀ ਤਸਵੀਰ ਹੈ। 20 ਸਾਲ ਪਹਿਲਾਂ ਬਣਾਏ ਨੀਸਡਨ ਦੇ ਇਸ ਮੰਦਰ ਵਿਚ 1997 ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ਾਨਦਾਰ ਸਨਮਾਨ ਸਤਿਕਾਰ ਕੀਤਾ ਗਿਆ ਸੀ। ਆਪ ਜੀ ਨਾਲ ਬੇਅੰਤ ਸਾਧ ਸੰਗਤ ਵੀ ਪਹੁੰਚੀ ਸੀ। ਅਜ ਉਹ ਨਜ਼ਾਰਾ ਦੁਬਾਰਾ ਮੂਰਤੀਮਾਨ ਹੋ ਰਿਹਾ ਸੀ।

ਮੰਦਰ ਦੇ ਵਿਸ਼ਾਲ, ਹਾਲ ਵਿਚ ਸੁਆਮੀ ਭਗਤ ਕੀਰਤਨ ਕਰ ਰਹੇ ਸਨ। ਕੁਝ ਸੇਵਾਦਾਰ ਬੜੇ ਸਲੀਕੇ ਨਾਲ ਹਰ ਇਕ ਨੂੰ ਜੀ ਆਇਆਂ ਨੂੰ ਕਹਿ ਕੇ ਹੇਠਾਂ ਜਾ ਕੁਰਸੀਆਂ ਉਤੇ ਬੈਠਣ ਲਈ ਸੰਕੇਤ ਦੇ ਰਹੇ ਸਨ ਭਜਨ ਗਾਇਨ ਕੀਤੇ ਜਾ ਰਹੇ ਸਨ–

*ਕਲੀ ਮੈ ਸਾਚੋ ਸਤਿਜੁਗ ਆਇਓ*
*– ਹਰੀ ਹਰੀ ਹਰੀ ਹਰੀ ਬੋਲ*

ਸਵਾਮੀਆਂ ਦੇ ਬਸਤਰ ਭਗਵੇ ਸਨ ਅਤੇ ਕੀਰਤਨ ਕਰਨ ਵਾਲਿਆਂ ਦੇ ਦੁੱਧ ਚਿਟੈ ਸਫੈਦ।

ਕੀਰਤਨ ਸਮਾਪਤੀ ਬਾਅਦ ਸੂਚਨਾ ਦਿੱਤੀ ਗਈ – ਨਾਮਧਾਰੀ ਸਿਖੋਂ ਕੇ ਗੁਰੂ, ਸ੍ਰੀ ਸਤਿਗੁਰੂ ਉਦੈ ਸਿੰਘ ਜੀ ਹਵੇਲੀ ਮੇਂ ਪਧਾਰ ਚੁਕੇ ਹੈਂ ਨਾਮਧਾਰੀ ਭਗਤ ਕੀਰਤਨ ਭਗਤੀ ਸੇ ਲਾਭਾਨਵਿਤ ਕਰੇਂ।

ਸ੍ਰੀ ਸਤਿਗੁਰੂ ਜੀ ਨੇ ਪ੍ਰਬੰਧਕਾਂ ਦੀ ਅਗਵਾਈ ਹੇਠ ਵਿਸ਼ਾਲ ਸਟੇਜ ਉਤੇ ਦਰਸ਼ਨ ਦਿੱਤੇ, ਉਹਨਾਂ ਨਾਲ ਮੰਦਰ ਦੇ ਸਵਾਮੀ ਵੀ ਸਨ। ਦੋਹਾਂ ਲਈ ਦੋ ਵਿਸ਼ੇਸ਼ ਕੁਰਸੀਆਂ ਸਨ। ਸੰਗਤ ਨੇ ਖੜੇ ਹੋ ਕੇ ਉਹਨਾਂ ਪ੍ਰਤੀ ਸ਼ਰਧਾ ਸਤਿਕਾਰ ਪ੍ਰਗਟ ਕੀਤਾ।

ਜਦ ਰਾਗੀ ਬਲਵੰਤ ਸਿੰਘ ਤੇ ਸਾਥੀਆਂ ਨੇ ਕੀਰਤਨ ਸ਼ੁਰੂ ਕੀਤਾ ਤਾਂ ਸ੍ਰੀ ਸਤਿਗੁਰੂ ਜੀ ਸਟੇਜ ਉਤੇ, ਕੁਰਸੀ ਉਤੇ ਨਹੀਂ, ਹੇਠਾਂ ਵਿਛਾਏ ਆਸਣ ਉਤੇ ਸੁਭਾਇਮਾਨ ਹੋਏ ਤਾਂਕਿ ਗੁਰਬਾਣੀ ਦਾ ਸਤਿਕਾਰ ਕਾਇਮ ਰਖਿਆ ਜਾਏ। ਨਾਲ ਚੋਰਬਰਦਾਰ ਸੁਲਖਣ ਸਿੰਘ ਸੀ।

ਰਾਗੀ ਸਿੰਘ–

***– ਗਾਵਹੁ ਰਾਮ ਕੇ ਗੁਨ ਮੀਤ।।***
***– ਮਾਧੋ ਗੋਬਿੰਦ ਕੇ ਗੁਣ ਗਾਵਹੁ।।***

ਸ਼ਬਦ ਗਾਇਨ ਕੀਤੇ। ਉਸ ਤੋਂ ਬਾਅਦ ਪ੍ਰਬੰਧਕਾਂ ਦੀ ਬੇਨਤੀ 'ਤੇ ਸ੍ਰੀ ਸਤਿਗੁਰੂ ਜੀ ਕੁਰਸੀ ਉਤੇ ਸੁਭਾਏਮਾਨ ਹੋਏ ਤੇ ਸਵਾਮੀ ਜੀ ਵੀ। ਸਟੇਜ ਸਕੱਤਰ ਨੇ ਕਿਹਾ, "ਨਾਮਧਾਰੀ ਭਗਤੋਂ ਕੀ ਕੀਰਤਨ ਭਗਤੀ ਹਮਾਰੇ ਲੀਏ ਅਨੰਦ ਕੀ ਬਾਤ ਹੈ।"

ਸਵਾਮੀ ਆਤਮ ਸਰੂਪ ਨੇ ਸਵਾਮੀ ਨਰਾਇਣ ਤੇ ਸਭ ਸੰਤਨ ਕੀ ਜੈ ਬੁਲਾਉਂਦਿਆਂ ਦੱਸਿਆ ਕਿ ਅੱਜ ਇਸ ਸਭਾ ਮੰਡਲ ਵਿਚ ਨਾਮਧਾਰੀ ਸਤਿਗੁਰੂ ਜੀ ਦੂਸਰੀ ਵਾਰ ਪਧਾਰੇ ਹਨ। ਪਹਿਲਾਂ 1997 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿੱਤੇ ਸਨ ਤੇ ਅੱਜ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਕਿਰਪਾ ਕੀਤੀ ਹੈ। ਸੰਗੀਤ ਵਿਚ ਨਾਮਧਾਰੀ ਭਗਤਾਂ ਦਾ ਵੱਡਾ ਯੋਗਦਾਨ ਹੈ। ਭਾਰਤੀ ਸੰਸਕ੍ਰਿਤੀ ਵਿਚ ਸ਼ਹਿਨਾਈ ਤੇ ਤਬਲਾ ਵਾਦਨ ਦਾ ਮਹੱਤਵ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਪ੍ਰਮੁੱਖ ਸੁਵਾਮੀ ਜੀ ਪਹਿਲੀ ਵਾਰ ਟਰਾਂਟੋ (ਕਨੇਡਾ) ਦੇ ਸਮਾਗਮ ਵਿਚ ਤੇ ਦੂਸਜੀ ਵਾਰ ਯੂ. ਐਨ. ਓ ਦੇ ਨਿਊਯਾਰਕ ਵਿਚ ਹੋਏ ਵਿਸ਼ਵ ਅਮਨ ਸਿਖਰ ਸੰਮੇਲਨ ਵਿਚ ਮਿਲੇ ਤੇ ਜੀਵ ਕਲਿਆਣ, ਸ਼ਾਕਾਹਾਰ ਤੇ ਵਿਸ਼ਵ ਅਮਨ ਦੇ ਸਾਂਝੀਆਂ ਨਿਸ਼ਾਨੀਆਂ ਕਾਰਨ ਹੋਰ ਨੇੜੇ ਆਏ। ਉਹਨਾਂ ਕਿਹਾ ਸੁਦੇਸ਼ੀ ਤੇ ਅਸਹਿਯੋਗ ਅੰਦੋਲਨ ਦੇ ਜਨਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਨ ਤੇ ਬਾਅਦ ਵਿਚ ਮਹਾਤਮਾ ਗਾਂਧੀ ਨੇ ਅਪਣਾਇਆ।

ਉਹਨਾਂ ਦੋਹਾਂ ਧਾਰਮਿਕ ਅਦਾਰਿਆਂ ਦੇ ਸਾਂਝੇ ਗੁਣ, ਦੇਹਧਾਰੀ ਗੁਰੂ ਦੇ ਉਪਾਸਕ ਹੋਣਾ, ਪੂਰਨ ਸ਼ਾਕਾਹਾਰੀ ਹੋਣਾ ਤੇ ਪ੍ਰਭੂ ਭਗਤੀ ਹੈ। ਐਸੇ ਮਹਾਂਪੁਰਸ਼ਾਂ ਦੇ ਆਉਣ ਨਾਲ ਤੀਰਥ ਬਣ ਜਾਂਦਾ ਹੈ। ਵਾਤਾਵਰਨ ਹੋਰ ਪਵਿੱਤਰ ਹੋ ਜਾਂਦਾ ਹੈ। ਉਹਨਾਂ ਆਪਣੀ ਸ੍ਰੀ ਭੈਣੀ ਸਾਹਿਬ ਫੇਰੀ ਦੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ। ਛੋਟੇ ਛੋਟੇ ਬੱਚਿਆਂ ਦੀ ਕਪੜੇ ਦੀ (ਉਨਾਂ ਦੀ) ਮਾਲਾ ਲੈ ਕੇ ਨਾਮ ਸਿਮਰਨ ਦੀ ਗੱਲ ਕੀਤੀ। ਉਸ ਫਿਰ ਵੀ ਦਰਸ਼ਨ ਦੇਣ ਲਈ ਅਰਜ਼ ਕਰਦਿਆਂ ਭਾਵਨਾ ਪ੍ਰਗਟ ਕੀਤੀ ਕਿ ਗੁਰੂ ਭਗਤੀ, ਆਤਮ ਸਾਧਨਾ, ਧਰਮ ਭਾਵਨਾ ਵਧੇ।

**ਸੇਵਕ ਹਰਪਾਲ ਸਿੰਘ** ਨੇ ਦੇਸ਼ ਦੀ ਆਜ਼ਾਦੀ, ਗਊ ਗਰੀਬ ਦੀ ਰਾਖੀ ਲਈ, ਗਊ ਬਧ ਬੰਦ ਕਰਵਾਉਣ ਲਈ, ਇਸਤਰੀ ਦੀ ਦਸ਼ਾ ਸੁਧਾਰਨ ਤੇ ਨਸ਼ਾ ਮੁਕਤ ਸਮਾਜ ਸਿਰਜਨ ਲਈ ਸਤਿਗੁਰੂ ਸਾਹਿਬਾਨ ਦੀ ਰਹਿਨੁਮਾਈ ਬਾਰੇ ਦੱਸਿਆ।

**ਸੁਲਖਣ ਸਿੰਘ ਜੰਡੂ** ਨੇ ਕਿਹਾ ਕਿ ਇਸ ਤਰ੍ਹਾਂ ਦੇ ਦਰਸ਼ਨਾਂ ਤੇ ਮੇਲ ਮਿਲਾਪ ਨਾਲ ਧਰਮ ਦਾ ਵਾਧਾ ਹੁੰਦਾ ਹੈ। ਕਿਉਂਕਿ ਏਥੇ ਫਰਕ ਹੀ ਕੋਈ ਨਹੀਂ ਨਜ਼ਰ ਆਉਂਦਾ। ਪਹਿਲੀ ਮਿਲਣੀ ਵੇਲੇ ਵੀ ਮੈਂ ਨਾਲ ਸਾਂ ਅਜ ਵੀ ਮੇਰੇ ਧੰਨ ਭਾਗ ਹਨ। ਦੋਵੇਂ ਅਧਿਆਤਮਕ ਹਸਤੀਆਂ ਸਰਲ ਸੁਭਾ, ਨਿਮਰਤਾ ਦਾ ਪ੍ਰਤੀਕ ਹਨ। ਇਹ ਰਿਸ਼ਤਾ ਪ੍ਰੇਮ ਦਾ ਹੈ ਵਧੀਆ ਹੈ।

**ਸ੍ਰੀ ਸਤਿਗੁਰੂ ਜੀ ਦੇ ਅਸ਼ੀਰਵਾਦ ਬਚਨ–**

ਆਪ ਜੀ ਨੇ ਕਿਹਾ ਕਿ **ਖੁਸ਼ੀ ਦੀ ਅਨੁਭੂਤੀ ਹੋਈ ਹੈ। ਜਪਾਨ ਦੀ ਇਕ**

(ਬਾਕੀ ਸਫਾ 7 'ਤੇ)

1920 में स्थापित ਸਤਿਜੁਗ

# ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

(ਪਿਛੋਂ ਤੋਂ ਅਗੇਂ)

ਪੰਜਾਬੀ ਅਨੁਵਾਦਕ
✍ ਮਾਸਟਰ ਅਮਰੀਕ ਸਿੰਘ

## ਆਸ਼ਰਮ ਵਿਚ ਸ੍ਰੀ ਰਾਮ ਦੀ ਕਥਾ ਸੁਨਾਈ ਕਲਯ ਯਾਦਵ ਨੇ

ਹੇ ਜਗਦੀਸ਼ ਜੇ ਤੁੱਠੇ ਹੋ ਤਾਂ ਵਰ ਐਸਾ ਇਕ ਦੀਜੇ,
ਮਰਾਂ ਕਿਸੇ ਤੋਂ ਕਦੀ ਵੀ ਨਾਂ ਮੈਂ ਐਸੀ ਕਿਰਪਾ ਕੀਜੇ।
ਬਰਾਹਮਣਾਂ ਨੇ ਰਾਵਨ ਭਾਈਆਂ ਨੂੰ ਵਰ ਸੀ ਦਿੱਤੇ ਅਨੇਕਾਂ,
ਖੁਸ਼ੀ ਖੁਸ਼ੀ ਉਹ ਵੱਸਣ ਲੱਗੇ ਗਾਵਨ ਲਾ ਕੇ ਹੇਕਾਂ।

ਤੁਲਸੀ ਦਾਸ ਜੀ ਲਿਖਦੇ ਨੇ ਇਹ ਨਾਲ ਆਪਣੀ ਕਾਨੀ,
ਭੋਗਵਤੀ ਵਿਚ ਸੱਪ ਜਿਉਂ ਰਹਿੰਦੇ ਤਿਵੇਂ ਇਹ ਰਹਿਣ ਪ੍ਰਾਣੀ।
ਅਮਰਾਵਤੀ ਚ ਰਹਿੰਦਾ ਇੰਦਰ, ਸੁਖੀ ਹੋ ਰਲੀਆਂ ਮਾਣੇ,
ਤਿਵੇਂ ਸੁੰਦਰ ਲੰਕਾ ਵਿਚ ਰਾਵਨ ਰਬ ਨੂੰ ਨਹੀਂ ਪਛਾਣੇ।

ਲੰਕਾ ਦੇ ਚੌਤਰਫੀਂ ਸਾਗਰ ਕਿਲੇ ਗਿਰਦ ਜਿਉਂ ਖਾਈ,
ਨਾਲ ਮੋਤੀਆਂ ਜੜਿਆ ਸੀ ਉਹ ਹਰ ਪਾਸੇ ਹਰ ਥਾਈਂ।
ਸੋਨੇ ਜੜਿਆ ਕਿਲਾ ਸੀ ਜਿਸ ਦੀ ਸਿਫ਼ਤ ਨ ਕੀਤੀ ਜਾਏ,
ਧਰਤੀ ਤੇ ਹੀ ਸਵਰਗ ਇਹ ਜਾਣੋਂ ਰਾਵਨ ਲੀਯਾ ਬਨਾਏ।

(ਚਲਦਾ)

# ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਜਪ ਪ੍ਰਯੋਗ

...(ਬਾਕੀ ਸਫਾ 1 ਦੀ)

ਪਾਠਕਾਂ ਨੂੰ ਪਤਾ ਹੀ ਹੈ ਕਿ ਜਪ ਪ੍ਰਯੋਗ ਅੱਸੂ ਦੀ ਸੰਗਰਾਂਦ ਵਾਲੇ ਦਿਨ ਆਰੰਭ ਹੁੰਦਾ ਹੈ। ਇਸ ਵਾਰ 17 ਸਤੰਬਰ ਨੂੰ ਆਰੰਭ ਹੋਇਆ ਇਹੀ ਅੱਸੂ ਦੀ ਸੰਗਰਾਂਦ ਦਾ ਦਿਨ ਤਿਨ ਲੋਕ ਦੇ ਵਾਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰਾਜਯੋਗ ਗੱਦੀ ਉੱਤੇ ਸੁਭਾਏਮਾਨ ਹੋਣ ਦਾ ਦਿਨ ਹੈ। ਅਦਾਰਾ ਸਤਿਜੁਗ 17 ਤੋਂ 19 ਸਤੰਬਰ ਤੱਕ ਸ੍ਰੀ ਭੈਣੀ ਸਾਹਿਬ ਜਪ ਪ੍ਰਯੋਗ ਵਿੱਚ ਹਿੱਸਾ ਲੈਣ ਵਾਲੀ ਸਾਧ ਸੰਗਤ ਦਾ ਵੇਰਵਾ ਪ੍ਰਕਾਸ਼ਿਤ ਕਰ ਚੁੱਕੀ ਹੈ 20 ਸਤੰਬਰ ਨੂੰ ਜਪ ਪ੍ਰਯੋਗ ਵਿੱਚ ਹਿੱਸਾ ਲੈਣ ਵਾਲੇ ਭਜਨੀਕਾਂ ਦੀ ਗਿਣਤੀ 2522 ਸੀ। 27 ਸਤੰਬਰ ਨੂੰ 2108, 4 ਅਕਤੂਬਰ ਨੂੰ 2218, 5 ਅਕਤੂਬਰ ਨੂੰ 1410 ਇਸੇ ਤਰਾ ਹੀ ਸਾਧ ਸੰਗਤ ਅਗੋਂ ਲਈ ਵੀ ਆਪਣਾ ਜਨਮ ਸਫਲਾ ਕਰਨ ਲਈ ਜਪ ਪ੍ਰਯੋਗ ਵਿੱਚ ਹਿੱਸਾ ਲੈਂਦੀ ਰਹੇਗੀ।

–ਗੁਰਦੇਵ ਸਿੰਘ ਚੀਮਾ
ਸਕੱਤਰ ਵਿ.ਨ.ਵਿ ਜਥਾ
ਸ੍ਰੀ ਭੈਣੀ ਸਾਹਿਬ

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ, ਨਾ ਮਰਯਾਦਾ ਵਿਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਵੇ ?**

SATJUG
ESTABLISHED IN 1920

# 'A CONCERT IN THE MEMORY OF SRI SATGURU JAGJIT SINGH JI' - SURNAAD SANGEET SAMMELAN, UK



**Satguru Uday Singh Ji with presenter of concert Shri Chaman Lal Chaman during Surnaad Sammelan UK 2015**

The 8th Surnaad Music Academy Sangeet Sammelan in the holy memory of Sri Satguru Jagjit Singh Ji was held on Friday, August 28 to Sunday, August 30, 2015.

Sri Satguru Uday Singh Ji blessed the participants and the audience by gracing the first evening on 28 August 2015. Sri Satguru Ji was greeted by Gurdev Singh, Ealing Mayor, Councillor Harbhajan Kaur Dheer, members of the Namdhari Sangat and others.

Renowned classical musicians, including Meeta Pandit, Satish Vyas, Professor Baldev Narang, Ustad Harbhajan Singh, Sukhvinder Singh Namdhari, Shri Sanju Sahai, Shahbaz Hussain, Illyas Khan and Shri Balwant Singh were part of the concert this year. Many of these musicians had a close association with Sri Satguru Jagjit Singh ji.

The concert opened with a performance by Hazuri Raagis from Sri Bhaini Sahib (Shri Balwant Singh & Shri Harpreet Singh Sonu) who teamed up with UK based Ustad Harbhajan Singh, Kirpal Singh Panesar and Uday Singh. They performed a couple of items composed by Pandit Mahadev Prasad Kathak.

The Hindustani classical raga Des was presented on Sarangi by Surjeet Singh's (disciple of Pandit Ram Naryan). Surjeet Singh was accompanied by Kirpal Singh, Avtar Singh, Amandeep Kaur with Manjit Singh Rashia on tabla.

There was a strong presence of students of Namdhari Artists including Navinderpal Singh, Surjeet Singh & Gurdev Singh. Most students were from the Surnaad Music academy. Manpreet and Veneet Kaur (Vocal), Gian Singh Virdee (Sitar), Puneet Sian (Sarod -Raag Des), brothers Gurcharan Singh and Ravdeep Singh (Dilruba), Aman Kaur & Hakam Singh Bhullar (Sitar and Dilruba duo- Raag Rageshwari), all displayed excellent skills in their performances.

The audience was enthralled by Master Haridev Singh (Grandson of Ustad Gurdev Singh) on the Sarod (Raag Kafi in Teen Taal), the Tabla jugalbandi between – Jeevan Singh Sian, Tirath Singh Sian and Shivam Ramgi and a scintillating Raag Malkauns on Violin by Harnam Kaur Chana. Udith Pankhania and Tarsem Singh supported the youngsters with their tabla contributions. On the last day a young vocalist Rohan Virdee from the USA sang a composition in Raag Malkauns.

Punjabi vocalist Professor Baldev Singh Narang – Vocal exponent (Patiala Gharana) performed various bandishes and a Tarana. His started with a bandish composed in Raag Darbari '*Jai gurudev JAGJIT SINGH gian goun sagar badey PARTAP, UDAY huyeh bhaag sub ke, mangho mein RAM kirpa teri* …'. He carried on to mesmerise music lovers with more items in raga Bihag, Rageshwari, a bhajan of Surdas and finishing off with a Tarana. His tabla accompanier was Manjit Singh Rashia.

On day 3 Sukhvinder Singh 'Pinki' was on stage along with Ustad Gurdev Singh and Sarangi player Ilyas Khan. The Sarod master weaved rhythmic cycles of Raga Charukeshi and Sukhvinder Singh responded with his trademark creative presentation on the Tabla.

The highlight of Day 2 was Vocalist Meeta Pandit (Gwalior Gharana). Her melodious and robust voice coupled with an intricate handling of ragas. Towards the conclusion of her soulful presentation, Meeta Pandit rendered a Punjabi Tappa.

The final item was of Santoor player Satish Vyas, a disciple of with Pandit Shivkumar Sharma. He took the stage with Shri Sanju Sahai. In an intricate way, both Vyas and Sanju Sahai worked in subtle and rhythmic cycles while improvising on the go. This performance drew the curtain .



**Shri Baldev Singh Narang (Vocalist) performs a bandish in raag Des**



**Students of Ustad Gurdev Singh, Brothers Gurcharan Singh and Ravdeep Singh (Dilruba) with Udhit Pankhania (tabla), during Surnaad Sammelan UK 2015**



**Meeta Pandit (Vocalist), Shabaz Khan (Tabla), Ilyas Khan (Sarangi).**



**Students of Ustad Gurdev Singh, brother / sister Aman Kaur and Hakam Singh (sitar & Dilruba jugalbandi) with Udhit Pankhania (tabla),**



**Students of Ustad Gurdev Singh, Puneet Kaur, Vaneet Kaur & Tirath Singh perform a bandish composted by Satguru Jagjit Singh Ji, during**



**Students of Navinderpal Singh (disciple of Sukhvinder Singh Namdhari), Jeevan Singh, Tirath Singh and Shivam Ramgi perform a tabla act.**

# ਅੰਮ੍ਰਿਤਸਰ ਦੇ ਸ਼ਹੀਦਾਂ ਨਮਿਤ ਮੇਲਾ

..(ਬਾਕੀ ਸਫਾ 1 ਦੀ)

ਅੰਗਰੇਜ਼ਾਂ ਦੀਆਂ ਜੜਾਂ ਹਿਲਾ ਕੇ ਰੱਖ ਦਿੱਤੀਆਂ। ਇਹਨਾਂ ਚਾਰ ਮਹਾਨ ਸ਼ਹੀਦਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਬੇਅਦਬੀ ਬਰਦਾਸਤ ਨਹੀਂ ਹੋਈ। ਉਹਨਾਂ ਨੇ ਬੁਚੜਾਂ ਤੇ ਹਮਲਾ ਕਰਕੇ ਗਊਆਂ ਨੂੰ ਛੁਡਵਾਇਆ। ਇਹ ਕਾਰਨਾਮਾ ਕਰਕੇ ਸ੍ਰੀ ਭੈਣੀ ਸਾਹਿਬ ਆ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪਤਾ ਲਗਾ ਤਾਂ ਹੁਕਮ ਹੋਇਆ, "ਬੋਹਲ ਤਿਆਰ ਹੈ ਲੈ ਕੋਈ ਹੋਰ ਜਾਵੇ, ਜਾਵੋ ਜਾ ਕੇ ਬੇਦੋਸ਼ੇ ਸਿੰਘਾਂ ਨੂੰ ਛੁਡਾਉ।" ਇਹਨਾਂ ਚਾਰੇ ਸਿੰਘਾਂ ਨੇ ਅਦਾਲਤ ਵਿਚ ਪੇਸ਼ ਹੋ ਕੇ ਆਪਣਾ ਜ਼ੁਰਮ ਕਬੂਲ ਕੀਤਾ, ਕਪੜੇ ਤੇ ਹਥਿਆਰ ਪੇਸ਼ ਕੀਤੇ। ਫਿਰ ਜੱਜ ਨੇ ਨਿਰਦੋਸ਼ਾਂ ਨੂੰ ਛੱਡ ਦਿੱਤਾ ਤੇ ਇਹਨਾਂ ਮਹਾਨ ਸ਼ਹੀਦਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਬੋਹੜ ਦੇ ਨਾਲ ਹੱਸ-ਹੱਸ ਕੇ ਫਾਂਸੀ ਦੇ ਫੰਦਿਆਂ ਨੂੰ ਚੁੰਮਿਆਂ। ਸ਼ਹੀਦਾਂ ਦੀ ਇਸ ਮਹਾਨ ਕੁਰਬਾਨੀ ਜੁਗਾਂ ਜੁਗਾਂਤਰ ਤਕ ਕਾਇਮ ਰਹੇਗੀ। ਸਾਡੀ ਆਉਣ ਵਾਲੀ ਪੀੜੀ ਦਾ ਚਾਨਣ ਮੁਨਾਰਾ ਕਰਦੀ ਰਹੇਗੀ।

ਇਹਨਾਂ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਸਾਲਾਨਾ ਸ਼ਹੀਦੀ ਮੇਲਾ ਇਲਾਕੇ ਦੀ ਸਮੁਚੀ ਸੰਗਤ ਵਲੋਂ ਮਨਾਇਆ ਗਿਆ। ਸਾਰੀ ਸੰਗਤ ਨੇ ਸੰਪੂਰਨ ਸਹਿਯੋਗ ਦਿੱਤਾ।

**ਆਸਾ ਦੀ ਵਾਰ ਦਾ ਕੀਰਤਨ-** ਮੇਲੇ ਦੀ ਸ਼ੁਰੂਆਤ 14 ਸਤੰਬਰ ਰਾਤ ਨੂੰ ਦਿਵਾਨ ਨਾਲ ਹੋਈ। ਸ. ਸੁਰਜੀਤ ਸਿੰਘ ਮੁਸਤਫਾਪੁਰ ਵਾਲਿਆਂ ਨੇ ਹੱਲੇ ਦਾ ਦਿਵਾਨ ਸਜਾਇਆ।

ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਸੁਰਜੀਤ ਸਿੰਘ, ਗੁਰਚਰਨ ਸਿੰਘ ਤੇ ਜਥੇਦਾਰ ਸੁਖਵੰਤ ਸਿੰਘ ਨੇ ਮਿਲਕੇ ਢੋਲਕੀ ਛੈਣਿਆਂ ਨਾਲ ਕੀਤਾ। ਵਾਰ ਦੇ ਭੋਗ ਤੋਂ ਬਾਅਦ ਦਿਨ ਦੇ ਦਿਵਾਨਾਂ ਦੀ ਅਨਾਊਂਸਮੈਂਟ ਕੀਤੀ ਗਈ।

**ਹੱਲੇ ਦੇ ਦਿਵਾਨ-** ਜਥੇਦਾਰ ਨਿਰਮਲ ਸਿੰਘ ਭੋਇਵਾਲੀ ਨੇ ਸਭ ਤੋਂ ਪਹਿਲਾਂ ਦਿਵਾਨ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਸੰਤ ਨਗਰ ਦੀਆਂ ਬੀਬੀਆਂ ਦੇ ਜਥੇ ਨੇ ਸ਼ਬਦ ਗਾਇਨ ਕੀਤਾ। ਜਥੇਦਾਰ ਦਵਿੰਦਰ ਸਿੰਘ ਚੰਡੀਗੜ੍ਹ, ਜਥੇਦਾਰ ਸੁਖਵੰਤ ਸਿੰਘ ਮੁਹਾਵਾ, ਜਥੇਦਾਰ ਗੁਰਬਚਨ ਸਿੰਘ ਬਹਾਦਰਸੈਨ, ਕਵੀਸ਼ਰ ਰਵੇਲ ਸਿੰਘ ਸਾਥੀ, ਗੁਰਸੇਵਕ ਸਿੰਘ ਵਲਟੋਹਾ, ਦਿਲਬਾਗ ਸਿੰਘ ਨੇ ਕਵੀਸ਼ਰੀ ਰਾਹੀਂ ਸ਼ਹੀਦਾਂ ਦਾ ਪ੍ਰਸੰਗ ਸੁਣਾਇਆ। ਕਵਿਤਾ ਦੇ ਬੋਲ ਸਨ-

*ਆਪਣਾ ਦੇਸ ਆਜਾਦ ਤਕਾਈਏ*
*ਇਹ ਦਿਲ ਚਾਹੇ ਹਮਾਰਾ।*

**ਜਥੇਦਾਰ ਸੁਖਵੰਤ ਸਿੰਘ** ਦੀ ਧਾਰਨਾ ਸੀ-

*ਜਿਸ ਮਰਣੇ ਤੇ ਜਗ ਡਰੇ*
*ਮੇਰੇ ਮਨ ਅਨੰਦ।*

**ਜਥੇਦਾਰ ਜਸਬੀਰ ਸਿੰਘ ਖਿਆਲਾ** ਦੀ ਧਾਰਨਾ ਸੀ-

*ਸੂਰਾ ਸੋ ਪਹਿਚਾਨੀਏ*
*ਜੋ ਲਰੈ ਦੀਨ ਕੇ ਹੇਤ।*

**ਜਥੇਦਾਰ ਕਮਾਲ ਸਿੰਘ** ਨੇ ਸ਼ਹੀਦਾਂ ਦਾ ਪ੍ਰਸੰਗ ਸੁਣਾਇਆ। ਉਹਨਾਂ ਦੀ ਧਾਰਨਾ ਸੀ-

*ਜਿਨਾਂ ਜਾਨ ਧਰਮ ਤੋਂ ਵਾਰੀ*
*ਉਹ ਤਾਂ ਸਦਾ ਹੀ ਜਿਉਂਦੇ ਆ।*

**ਸੰਤ ਨਿਸਾਨ ਸਿੰਘ** ਨੇ 145ਵੇਂ ਸ਼ਹੀਦਾਂ ਦੇ ਦਿਹਾੜੇ ਤੇ ਉਹਨਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਉਹਨਾਂ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਪ੍ਰਪੰਰਾ ਨੂੰ ਚਾਰ ਚੱਨ ਲਾਏ। ਸ਼ਹੀਦ ਪਹਿਲਾਂ ਵੀ ਹੋਏ ਹਨ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਦੀ ਇਕ ਨਵੀਂ ਮਿਸਾਲ ਕਾਇਮ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ (ਸ਼ਹਾਦਤਾਂ ਵਿਚ ਵਾਧਾ ਕਰਕੇ ਸਿਖੀ ਦੀ ਪ੍ਰਪੰਰਾ ਨੂੰ ਕਾਇਮ ਰਖਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿਖਾਂ ਨੇ ਗਊ ਤੇ ਗਰੀਬ ਦੀ ਰਖਿਆ ਖਾਤਰ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ ਤੇ ਦੇਸ ਦੀ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ।

*ਸੀਸ ਦੀਏ ਅਰ ਸੀ ਨਾ ਕਰੀ।*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿਖਾਂ ਨੇ ਜਾਨਾਂ ਦੀ ਪਰਵਾਹ ਨਾ ਕੀਤੀ। ਸਭ ਤੋਂ ਵੱਡਾ ਸੰਘਰਸ਼ ਇਸ ਧਰਤੀ ਤੇ ਹੋਇਆ। ਸ਼ਹੀਦਾਂ ਨੇ ਸ਼ਹਾਦਤ ਦੇ ਜਾਮ ਪੀਤੇ। ਬਲਵਾਨ ਆਤਮਾ ਦੇ ਨਾਲ ਸ਼ਹਾਦਤਾਂ ਪ੍ਰਾਪਤ ਕੀਤੀਆਂ। ਦੁਨੀਆਂ ਵਿਚ ਮੌਤ ਨਿਸਚਿਤ ਹੈ। ਦੁਨੀਆਂ ਦੇ ਲੋਕ ਮਰ ਰਹੇ ਹਨ ਪਰ ਸ਼ਹੀਦ ਲਗਾਤਾਰ ਨੌਜਵਾਨ ਹੋ ਰਹੇ ਹਨ। ਕਰਤਾਰ ਸਿੰਘ ਕਹਿੰਦਾ ਹੈ ਕਿ ਜਿਨਾਂ ਲੋਕਾਂ ਨੇ ਉਹਨਾਂ ਦੀ ਵਿਰਾਸਤ ਸੰਭਾਲੀ, ਲੋਕ ਉਹਨਾਂ ਨੂੰ ਯਾਦ ਕਰਦੇ ਹਨ।

**ਸੂਬਾ ਅਜੀਤ ਸਿੰਘ ਬਟਾਲਾ-** ਨੇ ਸ਼ਹੀਦਾਂ ਦਾ ਪ੍ਰਸੰਗ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

**ਡਾ. ਜੋਗਿੰਦਰ ਸਿੰਘ ਮੁਖੀ ਸਤਿਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ** ਨੇ ਆਖਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਸ ਲੜਾਈ ਨੂੰ ਸਮਾਜ ਸੁਧਾਰ ਲਹਿਰ ਤਕ ਹੀ ਸੀਮਿਤ ਰੱਖਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਸ ਸਮਾਜ ਦੀ ਕਲਪਨਾ ਕਰਦੇ ਸਨ ਜਿਸ ਨੂੰ ਮਹਾਰਾਜ ਰਣਜੀਤ ਸਿੰਘ ਦਾ ਰਾਜ ਆਖਿਆ ਜਾਂਦਾ ਸੀ। ਉਹਨਾਂ ਦੀ ਲਹਿਰ ਨੂੰ ਕੂਕਾ ਲਹਿਰ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਉਸ struggle ਨੂੰ 19ਵੀਂ ਸ਼ਤਾਬਦੀ ਤਕ ਸੀਮਿਤ ਕਰਕੇ ਨਾਮਧਾਰੀ ਇਤਿਹਾਸ ਨੂੰ ਵੀ ਭੁਲ ਜਾਂਦੇ ਹਨ। ਉਹ ਲਹਿਰ ਜੋ ਗਦਰੀ ਬਾਬੇ ਸਨ ਜਾਂ ਬੱਬਾ ਅਕਾਲੀ ਸਨ,। ਨਾਮਧਾਰੀ ਸਿੱਖ ਵੀ 20ਵੀਂ ਸ਼ਤਾਬਦੀ ਦੀ ਸੁਤੰਤਰਤਾ ਸੰਗਰਾਮ ਦਾ ਅਟੁੱਟ ਅੰਗ ਬਣ ਗਏ। ਅੰਤ ਵਿਚ ਮਾਣ ਵਾਲੀ ਗੱਲ ਹੈ ਕਿ ਅਸੀਂ ਸ਼ਹੀਦਾਂ ਨੂੰ ਯਾਦ ਕਰਦੇ ਹਾਂ। ਉਹਨਾਂ ਨੇ ਮਨੁੱਖ ਦੀ ਉਸ ਮਰ ਚੁਕੀ ਆਜ਼ਾਦੀ ਨੂੰ ਕਾਇਮ ਕੀਤਾ।

**ਸ. ਇੰਦਰਜੀਤ ਸਿੰਘ ਬਾਸਰਕੇ** ਨੇ ਕਿਹਾ ਕਿ ਇਹਨਾਂ ਚਾਰ ਸ਼ਹੀਦਾਂ ਨੇ ਆਪਣੇ ਪਰਿਵਾਰ, ਕੌਮ ਵਾਸਤੇ ਨਹੀਂ ਪੂਰੇ ਹਿੰਦੁਸਤਾਨ ਵਾਸਤੇ ਕੁਰਬਾਨੀਆਂ ਕੀਤੀਆਂ। ਉਹਨਾਂ ਨੇ ਅੰਮ੍ਰਿਤਸਰ ਦੇ ਪਾਵਨ ਸਰੋਵਰ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ। ਉਹਨਾਂ ਨੇ ਨਿਦਰੋਸ਼ ਸਿੱਖਾਂ ਨੂੰ ਛੁਡਾਵਾਇਆ ਤੇ ਆਪ ਫਾਂਸੀ ਦੇ ਰੱਸਿਆਂ ਨੂੰ ਚੁੰਮਿਆਂ। ਇਹ ਗੱਲ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ, ਸਾਡੇ ਰੱਸਿਆ ਨੂੰ ਕੋਈ ਹੱਥ ਨਾ ਲਾਵੇ ਅਸੀਂ ਆਪ ਆਪਣੇ ਗਲਾਂ ਵਿਚ ਫਾਂਸੀ ਦੇ ਰੱਸੇ ਪਾਵਾਂਗੇ।

ਨਾਮਧਾਰੀ ਸਿਖਾਂ, ਸ਼ਹੀਦਾਂ ਤੇ ਬੋਲੀਏ ਤਾਂ ਬਹੁਤ ਸਮਾਂ ਲਗ ਜਾਵੇਗਾ। ਪੂਰੇ ਹਿੰਦੁਸਤਾਨ ਵਿਚ ਨਾਮਧਾਰੀ ਸਿੱਖਾਂ ਨੂੰ ਇਕੱਤਰ ਕੀਤਾ ਗਿਆ ਹੈ। ਉਹ ਅੱਗੇ ਹੋ ਕੇ ਲੜੇ। ਇਤਿਹਾਸ ਪੜੋ ਤਾਂ ਪਤਾ ਲਗਦਾ ਹੈ ਕਿ ਨਾਮਧਾਰੀਆਂ ਨੇ ਅਗੇ ਹੋ ਕੇ ਆਜ਼ਾਦੀ ਦੀ ਲੜਾਈ ਲੜੀ।

**ਕਬੀਰ ਪੰਥੀ ਦੇ ਮਹੰਤ ਬਾਬਾ ਗੁਰਵਿੰਦਰ ਸਿੰਘ** ਨੇ ਕਿਹਾ ਅਸੀਂ ਧੰਨਤਾ ਦੇ ਪਾਤਰ ਹਾਂ ਜਿਨਾਂ ਨੂੰ ਸ੍ਰੀ ਸਤਿਗੁਰੂ ਜੀ ਦੀ ਪਵਿੱਤਰ ਗੋਦ ਪ੍ਰਾਪਤ ਹੈ। ਨਿਰਗੁਣ ਤੇ ਸਰਗੁਣ ਦੇ ਵੀ ਦਰਸ਼ਨ ਹੋ ਰਹੇ ਹਨ। ਉਹ ਜੀਵ ਭਾਗਾਂ ਵਾਲੇ ਹੁੰਦੇ ਹਨ ਜਿਹਨਾਂ ਨੂੰ ਇਹ ਚੀਜ਼ ਪ੍ਰਾਪਤ ਹੁੰਦੀ ਹੈ। ਅਸੀਂ ਸਤਿਗੁਰੂ ਦੇ ਦਰਸ਼ਨ ਕਰ ਰਹੇ ਹਾਂ। ਸਤਿਗੁਰੂ ਦਾ ਦਰਸ਼ਨ ਅਕਾਲ ਪੁਰਖ ਦਾ ਦਰਸ਼ਨ ਹੁੰਦਾ ਹੈ-

*ਸਤਿਪੁਰਖ ਜਿਨ ਜਾਣਿਆ*
*ਸਤਿਗੁਰ ਤਿਸੁ ਕਾ ਨਾਉ।।*
*ਗੁਰ ਕੋ ਮਾਨਸ ਕਰ ਜਾਣਤੇ।*

ਤੇ ਹੋਰ

***ਗੁਰ ਪਰਮੇਸਰ ਏਕੋ ਜਾਨ।।***

ਮੈਂ ਅਰਜ਼ ਕੀਤੀ ਚਰਨ ਪਾਇਓ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ, ਉਹਨਾਂ ਦੀ ਰਜ਼ਾ ਸੀ। ਪਰ ਇਹ ਖੇਡ ਨਿਰਾਲੀ ਸੀ- ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਉਸ ਬਚਨ ਨੂੰ ਪੂਰਾ ਕੀਤਾ, ਚਰਨ ਪਾਏ। ਜੋਤ ਉਹੀ ਹੁੰਦੀ ਹੈ ਸਿਰਫ ਕਾਇਆ ਹੀ ਪਲਟਦੀ ਹੈ।

**ਪ੍ਰਧਾਨ ਰਣਜੀਤ ਸਿੰਘ** ਨੇ ਕਿਹਾ ਕਿ ਮੈਂ 26 ਸਾਲ ਅੰਮ੍ਰਿਤਸਰ ਸਾਧ ਸੰਗਤ ਦੀ ਸੇਵਾ ਕੀਤੀ ਹੈ। ਪਹਿਲਾਂ ਸਾਡੇ ਕੋਲ ਜਗ੍ਹਾ ਨਹੀਂ ਸੀ ਹੁੰਦੀ ਹੁਣ ਸਤਿਗੁਰੂ ਜੀ ਨੇ ਕਿਰਪਾ ਕੀਤੀ ਹੈ। ਸਾਡੇ ਕੋਲ ਸਾਰੀਆਂ ਸੁਵਿਧਾਵਾਂ ਪ੍ਰਾਪਤ ਹਨ। ਮੈਂ ਸਤਿਗੁਰੂ ਜੀ ਦਾ ਧੰਨਵਾਦ ਕਰਦਾ ਹਾਂ।

**ਪ੍ਰੋਫੈਸਰ ਸੂਬਾ ਸਿੰਘ** ਨੇ ਕਿਹਾ ਕਿ ਜਿਸ ਅਸਥਾਨ ਤੇ ਅਸੀਂ ਬੈਠੇ ਹਾਂ ਇਸ ਦੀ ਮਹਾਨਤਾ ਹੈ। ਸ੍ਰੀ ਹਰਿਮੰਦਰ ਸਾਹਿਬ ਦਾ ਇਤਿਹਾਸ ਕੁਝ ਵੱਖਰਾ ਹੈ। ਇਸ ਅਸਥਾਨ ਦੀ ਜਿਸ ਕਿਸੇ ਨੇ ਬੇਅਦਬੀ ਕੀਤੀ ਹੈ - ਉਹ ਬਚ ਨਹੀਂ ਸਕਿਆ। ਜਦੋਂ ਨਿਰਦੋਸ਼ ਨਿਹੰਗ ਸਿੰਘਾਂ ਨੂੰ ਫਾਂਸੀਂ ਦੇ ਆਡਰ ਹੋਏ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਿਖਾਂ ਨੇ ਉਹਨਾਂ ਨੂੰ ਛੁਡਾਇਆ। ਇਹ ਕੋਈ ਛੋਟੀ ਮੋਟੀ ਗਲ ਨਹੀਂ। ਹਿੰਦੁਸਤਾਨ ਦੀ ਆਜ਼ਾਦੀ ਵਿਚ ਨਾਮਧਾਰੀ ਸਿੱਖਾਂ ਦੀ ਬਹੁਤ ਵੱਡੀ ਕੁਰਬਾਨੀ ਹੈ ਪਰ ਅਫਸੋਸ ਇਸ ਗੱਲ ਦਾ ਹੈ ਜੋ ਇਤਿਹਾਸ ਲਿਖਿਆ ਹੈ ਉਸ ਵਿਚ ਕੋਈ ਜ਼ਿਕਰ ਨਹੀਂ ਹੈ। ਹਿੰਦੁਸਤਾਨ ਦੀ ਆਜ਼ਾਦੀ ਸਿਰਫ ਜਿਨਾਂ ਨੇ ਬੋਹੜ ਦੇ ਨਾਲ ਫਾਂਸੀਆਂ ਲਈਆਂ, ਸ਼ਹੀਦ ਊਧਮ ਸਿੰਘ, ਭਗਤ ਸਿੰਘ ਦੀਆਂ ਕੁਰਬਾਨੀਆਂ ਸਿਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਹਨ। ਸਿੱਖੀ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਆਉਣ ਵਾਲੇ ਸਮੇਂ ਵਿਚ ਸਾਡੀ ਪੀੜੀ ਇਸ ਤੇ ਸਿਖਿਆ ਲਵੇਗੀ।

**ਸ. ਸਵਰਨ ਸਿੰਘ ਵਿਰਕ** ਨੇ ਕਿਹਾ ਕਿ ਨਾਮਧਾਰੀ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਤੇ ਕੋਈ ਵੀ ਵੱਡੀ ਕੁਰਬਾਨੀ ਕਰਨ ਲਈ ਤਿਆਰ ਸਨ। ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਬਹੁਤ ਦੂਰ-ਅੰਦੇਸ਼ੀ ਵਾਲਾ ਸੀ। ਨਾ-ਮਿਲਵਰਤਨ ਦੀ ਲਹਿਰ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ। ਇਥੋਂ ਤਕ ਡਾਕ ਪ੍ਰਬੰਧ ਵੀ ਆਪਣਾ ਹੀ ਸੀ। ਵਿਰਕ ਜੀ ਨੇ ਸ਼ਹੀਦਾਂ ਦੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਕਿਹਾ ਜਿਸ ਤਰ੍ਹਾਂ ਨਾਮਧਾਰੀ ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ ਉਸ ਦੀ ਮਿਸਾਲ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ।

**ਸਟੇਜ ਦੀ ਸਕੱਤਰਤਾ-** ਸੰਤ ਰਵਿੰਦਰ ਸਿੰਘ ਜੌਹਲ ਨੇ ਬਹੁਤ ਹੀ ਬਾਖੂਬੀ ਨਾਲ ਸਕੱਤਰਤਾ ਨਿਭਾਈ। ਸਟੇਜ ਦੇ ਪਿਛਲੇ ਪਾਸੇ ਸ਼ਹੀਦਾਂ ਦੀ ਯਾਦ ਵਿਚ ਇਕ ਸ਼ਾਨਦਾਰ ਬੈਨਰ ਲਗਾ ਹੋਇਆ ਸੀ।

**ਸਟੇਜ-** ਸਟੇਜ ਬਹੁਤ ਹੀ ਸੁਚੱਜੇ ਢੰਗ ਨਾਲ ਤਿਆਰ ਕੀਤਾ ਹੋਇਆ ਸੀ। ਸ੍ਰੀ ਸਤਿਗੁਰੂ ਜੀ ਦੀ ਸੁੰਦਰ ਪਾਲਕੀ ਵਿਚਕਾਰ ਸੁਸੋਭਿਤ ਸੀ। ਇਕ ਪਾਸੇ ਬੁਲਾਰੇ ਆਪਣਾ ਭਾਸ਼ਣ ਦੇ ਰਹੇ ਸਨ, ਦੂਜੇ ਪਾਸੇ ਦਿਵਾਨਾਂ ਵਾਸਤੇ ਜਗਾ ਸੀ। ਸਾਹਮਣੇ ਸਿੰਘਾਂ ਤੇ ਮਾਈਆਂ ਦੇ ਬੈਠਣ ਵਾਸਤੇ ਜਗ੍ਹਾ ਦਾ ਪ੍ਰਬੰਧ ਸੀ।

**ਲੰਗਰ ਦਾ ਪ੍ਰਬੰਧ-** ਸੋਧੀ ਸਿੰਘਾਂ ਵਾਸਤੇ ਲੰਗਰ ਦਾ ਇੰਤਜਾਮ ਕੀਤਾ ਹੋਇਆ ਸੀ। ਸ਼ਹੀਦੀ ਬੋਹੜ ਦੇ ਕੋਲ ਲੰਗਰ ਦਾ ਸ਼ਾਨਦਾਰ ਇੰਤਜਾਮ ਕੀਤਾ ਹੋਇਆ ਸੀ।

**(ਬਾਕੀ ਸਫਾ 7 'ਤੇ)**



**ਅੰਮ੍ਰਿਤਸਰ ਸ਼ਹੀਦਾਂ ਦੇ ਮੇਲੇ ਸਮੇਂ ਸਾਧ ਸੰਗਤ ਦਾ ਭਾਰੀ ਵਿਸ਼ਾਲ ਇਕੱਠ।**

# ਯੂ. ਕੇ. ਦੀ ਸੰਗਤ ਵਲੋਂ ਸਤਿਗੁਰੂ ਜੀ ਦਾ ਸੁਆਗਤ.(ਬਾਕੀ ਸਫਾ 4 ਦੀ)



**ਸ੍ਰੀ ਸਤਿਗੁਰੂ ਜੀ ਦੇ ਯੂ. ਕੇ. ਦੌਰੇ ਸਮੇਂ ਇਕ ਬੀਬੀ ਆਪਣੀ ਲਿਖੀ ਪੁਸਤਕ ਆਪ ਜੀ ਨੂੰ ਭੇਟ ਕਰਦੀ ਹੋਈ ਨਾਲ ਹਨ ਉਸਤਾਦ ਹਰਭਜਨ ਸਿੰਘ।**

**ਯੂਨੀਵਰਸਿਟੀ ਵਿੱਚ ਜਦ ਸਾਂਝਾ ਧਰਮ ਕਿਹੜਾ ਹੋ ਸਕਦਾ ਹੈ ਬਾਰੇ ਵਿਚਾਰਾਂ ਹੋਈਆਂ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਫੁਰਮਾਇਆ :**

***ਬੋਲੀਐ ਸਚ ਧਰਮ***
***ਝੂਠ ਨਾ ਬੋਲੀਐ।।***

**ਸੋ ਨਿਸ਼ਾਨਾ ਸੱਚ ਦੀ ਪ੍ਰਾਪਤੀ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਭਗਵਾਨ ਇਕ ਹੈ ੧ਓ ਸਤਿਗੁਰੂ ਜੀ ਨੇ ਗ੍ਰੰਥ ਵਿਚ ਹਿੰਦੂ ਮੁਸਲਮਾਨਾਂ ਦੀ ਬਾਣੀ ਸ਼ਾਮਿਲ ਕੀਤੀ ਪਰ ਉਹ ਜੋ ਇਕ ਅਕਾਲ ਪੁਰਖ ਨਾਲ ਜੋੜਦੀ ਹੈ। ਮਨੁੱਖ ਹਉਮੈ ਖ਼ਤਮ ਕਰੇ ਸਭ ਵਿਚ ਅਕਾਲ ਪੁਰਖ ਦਿਸੇ, ਭਾਈ ਘਨਈਏ ਵਾਂਗ। ਉਹੀ ਅਵਸਥਾ ਬਣੇ। ਧਰਮ ਜੋੜਦਾ ਹੈ ਤੋੜਦਾ ਨਹੀਂ। ਸਾਡੀਆਂ ਬਹੁਤ ਸਾਰੀਆਂ ਗਲਾਂ ਇਕ ਹਨ : ਅਹਿੰਸਾ, ਗੁਰੂ ਪ੍ਰਪੰਰਾ, ਗੋ ਸੇਵਾ ਆਦਿ।**

ਸਤਿਗੁਰੂ ਜੀ ਨੇ ਉਹਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਏਦਾਂ ਹੀ ਇਕਠੇ ਮਨੁੱਖਤਾ ਦੀ ਸੇਵਾ ਕਰਦੇ ਰਹੀਏ, ਸ਼ਾਂਤੀ ਦਾ ਸੰਦੇਸ਼ ਦੇਈਏ।

ਸ਼੍ਰੀ ਈਸ਼ਵਰ ਚਰਨ ਸੁਆਮੀ ਨੇ ਅਖੀਰ ਵਿਚ ਧੰਨਵਾਦ ਕਰਦਿਆਂ ਕਿਹਾ ਕਿ ਬੀਬੀਆਂ ਦੇ ਬੱਚਿਆਂ ਵਿਚ ਇਥੇ ਹਿੰਦੂ ਸੰਸਕਾਰ ਵਧਾਏ ਜਾਣ। ਕੀਰਤਨ ਭਗਤੀ, ਨਵਿਧਾ ਭਗਤੀ ਵਿਚੋਂ ਇਕ ਹੈ ਇੰਝ ਮਨ ਭਗਵਾਨ ਨਾਲ ਜੁੜਦਾ ਹੈ। ਭਗਵਾਨ ਦੇ ਸਿਮਰਨ ਦੇ ਨਾਲ ਕੀਰਤਨ ਕਰਨਾ ਸ਼੍ਰੇਸ਼ਟ ਹੈ। ਸਾਡੇ ਸਵਾਮੀ ਜੀ ਵੀ ਨਾਮ ਸਿਮਰਨ ਕਰਦੇ ਤੇ ਕਰਵਾਉਂਦੇ ਹਨ। ਇਸ ਦੇ ਨਾਲ ਸੱਪ ਦੇ ਡੰਗ ਮਾਰਿਆਂ ਜ਼ਹਿਰ ਵੀ ਅਸਰ ਨਹੀਂ ਕਰਦਾ। ਕਾਲ ਮ੍ਰਿਤੂ ਨੂੰ ਹਟਾਇਆ ਜਾ ਸਕਦਾ ਹੈ। ਤੁਸੀਂ ਨਾਮਧਾਰੀ ਨਾਮ ਸਿਮਰਨ ਕਰਦੇ ਹੋ।

ਸ੍ਰੀ ਸਤਿਗੁਰੂ ਜੀ ਨੇ ਪ੍ਰਧਾਨ ਸੁਲਖਣ ਸਿੰਘ ਹੱਥੀਂ ਤੋਹਫੇ ਦਿੱਤੇ। ਅੰਤ ਵਿਚ ਪ੍ਰਮੁੱਖ ਸਵਾਮੀ ਸੰਬੰਧੀ ਇਕ ਵੀ.ਡੀ.ਓ. ਵੇਖਦਿਆਂ ਇਕ ਭਜਨ ਵੀ ਸੁਣਨ ਨੂੰ ਮਿਲਿਆ।

*ਸੰਤ ਪ੍ਰਮ ਹਿਤਕਾਰੀ ਜਗਤ ਮਹਿ*
*ਸੰਤ ਪ੍ਰਮ ਹਿਤਕਾਰੀ।*

ਪ੍ਰਬੰਧਕਾਂ ਦੇ ਜੋਰ ਦੇਣ ਉਤੇ ਸੰਗਤ ਸ਼ੁਧ, ਸੂਛ, ਭੋਜਨ ਛਕ ਕੇ ਅਤੇ ਉਚੇ ਵਿਚਾਰ ਲੈ ਕੇ ਵਿਦਿਆ ਹੋਈ।

**31 ਅਗਸਤ, ਸੋਮਵਾਰ–**

ਅੱਜ ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਸ ਦੌਰੇ ਦਾ ਆਖਰੀ ਸਮਾਗਮ ਸੀ। ਆਸਾ ਦੀ ਵਾਰ ਉਪਰੰਤ ਇਕ ਅਨੰਦ ਕਾਰਜ, ਜਿਸ ਬਾਰੇ ਕਲ ਹੀ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਤੇ ਅੱਜ ਅਨੰਦ ਹੋ ਗਿਆ। ਇਹ ਅਨੰਦ ਕਾਰਜ :

ਨੌਜਵਾਨ ਗੁਰਦੀਪ ਸਿੰਘ ਪੁੱਤਰ ਸੰਤ ਸੇਵਾ ਸਿੰਘ ਚਾਨਾ

ਬੀਬੀ ਦਵਿੰਦਰ ਕੌਰ ਪੁੱਤਰੀ ਸੰਤ ਦਲਜੀਤ ਸਿੰਘ ਭੰਮਰਾ ਨਾਲ ਹੋਇਆ।

ਮਾਪਿਆਂ ਨੂੰ ਵੀ ਬੱਚਿਆਂ ਤੇ ਭਰੋਸਾ ਸੀ ਕਿ ਹੁਕਮ ਮੰਨਣਗੇ।

ਭਮਰਾ ਜੀ ਵੱਲ 30 ਅਗਸਤ ਨੂੰ ਸਤਿਗੁਰੂ ਜੀ ਦਾ ਜਲ ਪਾਣੀ ਸੀ। ਮੱਥਾ ਟੇਕਣ ਆਈ ਦਵਿੰਦਰ ਕੌਰ ਨੂੰ ਆਖ ਕੇ ਕਿਹਾ, "ਤੇਰਾ ਅਨੰਦ ਕਰ ਦੇਈਏ।" ਉਸ ਹੱਥ ਜੋੜ ਕੇ ਨਿਮਰਤਾ ਸਹਿਤ ਕਿਹਾ, "ਜਿਵੇਂ ਆਪ ਜੀ ਦੀ ਰਜ਼ਾ।" ਬਸ ਤਿਆਰ ਹੋ ਗਈ। ਨਾ ਪਾਂਧਾ ਪੁਛਿਆ, ਨਾ ਸਾਹਾ ਸੁਧਾਇਆ, ਨਾ ਕੋਈ ਹੋਰ ਵਖਾਲਾ, ਬਸ ਸਤਿਗੁਰੂ ਦਾ ਹੁਕਮ ਤੇ ਖੁਸ਼ੀਆਂ।

ਪ੍ਰਧਾਨ ਸੁਲਖਣ ਸਿੰਘ ਜੰਡੂ ਲਈ ਇੰਗਲੈਂਡ ਦੇ ਜੰਮਿਆਂ ਪਲਿਆ ਦਾ ਇੰਜ ਹੁਕਮ ਮੰਨਣਾ ਇਕ ਮਿਸਾਲ ਹੈ, ਇਕ ਕਰਾਮਾਤ ਹੈ।

ਅਨੰਦ ਕਾਰਜ ਵਾਲਿਆਂ ਵਲੋਂ 2 ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਇਕ ਪਾਠ ਦਾ ਭੋਗ ਪਾ ਕੇ ਅਰਦਾਸ ਹੋਈ। ਜੰਡੂ ਜੀ ਸ੍ਰੀ ਸਤਿਗੁਰੂ ਜੀ ਦੁਆਰਾ 21 ਅਗਸਤ ਤੋਂ ਅੱਜ ਤਕ ਨਿਵਾਜਣ ਬਾਰੇ ਬੋਲਦਿਆਂ ਭਾਵੁਕ ਹੋ ਗਏ। ਉਹਨਾਂ ਨੇ ਭੁੱਲ ਚੁੱਕ ਦੀ ਖਿਮਾ ਮੰਗਦਿਆਂ ਕਿਰਪਾ ਮੰਗੀ। ਇਸ ਦੌਰੇ ਦਾ ਸੰਗਤ ਤੇ ਅਸਰ ਪ੍ਰਤੱਖ। ਉਹਨਾਂ ਅੱਜ ਦੇ ਅਨੰਦ ਕਾਰਜ ਦੀ ਮਿਸਾਲ ਦੇ ਨਾਲ ਸੁਰਜੀਤ ਸਿੰਘ ਜੀਤ ਦੀ ਬੇਟੀ ਦੇ ਅਨੰਦ ਕਾਰਜ ਦੀ ਮਿਸਾਲ ਵੀ ਦਿੱਤੀ ਜਿਸ ਵਿਚ ਤਰੀਕ ਤੇ ਸਥਾਨ ਵੀ ਬਦਲੇ ਗਏ ਅਤੇ ਹੁਕਮ ਮੰਨਿਆ ਗਿਆ।

**ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ :**

ਆਪ ਜੀ ਨੇ ਬਚਨ ਕੀਤਾ ਕਿ **ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਦੇ ਤੇ ਗੁਰਮਤਿ ਅਨੁਸਾਰ ਅਨੰਦ ਕਾਰਜਾਂ ਲਈ ਨੌਜਵਾਨਾਂ (ਵਿਦਿਅਕ ਸੰਮੇਲਨਾਂ ਵਿਚ) ਪ੍ਰਣ ਕਰਵਾਏ। ਕਿੰਨੀ ਚੰਗੀ ਧਾਰਨਾ (Concept) ਹੈ। ਅਸੀਂ ਇਸ ਨੂੰ ਕਾਇਮ ਰਖੀਏ, ਸਤਿਗੁਰੂ ਵਾਲਾ ਪਾਸਾ ਰਖੀਏ।**

**ਦਸ ਦਿਨ ਰੋਜ਼ ਛੋਟੇ ਛੋਟੇ ਬੱਚੇ ਵੀ ਨਾਮ ਸਿਮਰਨ ਕਰਦੇ ਰਹੇ। ਇਸ ਨੂੰ ਕਾਇਮ ਰਖਿਆ ਜਾਵੇ।"**

ਭਾਵੇਂ ਅੱਜ ਸ੍ਰੀ ਸਤਿਗੁਰੂ ਜੀ ਵਾਪਸ ਜਾ ਰਹੇ ਸਨ, ਨਾਲ ਕੋਈ ਸੇਵਕ ਜਾਂ ਗੜਵਈ ਵੀ ਨਹੀਂ ਸੀ ਕੇਵਲ ਬੀਬੀ ਜੀ ਸਨ। ਆਪੇ ਉਹਨਾਂ ਨੇ ਆਪਣਾ ਸਮਾਨ ਚੁਕਣਾ ਸੀ, ਰੱਖਣਾ ਸੀ ਪਰ ਸਾਨੂੰ ਤਾਂ ਦਰਸ਼ਨ ਲਾਭ ਤੇ ਬਚਨਾਂ ਦਾ ਸੁਖ ਦੇ ਕੇ ਜਾ ਰਹੇ ਸਨ। ਭਾਵੇਂ ਗੁਰਗੱਦੀ ਨੂੰ ਸੁਭਾਏਮਾਨ ਕਰਨ ਪਿਛੋਂ ਯੂ. ਕੇ. ਦੀ ਆਪ ਜੀ ਦੀ 6ਵੀਂ ਯਾਤਰਾ ਸੀ ਪਰ ਤਰੀਕੇ ਨਾਲ ਇਹੀ ਇਕ ਐਸਾ ਦੌਰਾ ਸੀ ਜਿਸ ਵਿੱਚ ਪੰਜਾਂ ਨਾਮਧਾਰੀ ਕੇਂਦਰਾਂ ਉਤੇ ਪ੍ਰੋਗਰਾਮ ਹੋਏ। ਸਾਧ ਸੰਗਤ ਦੇ ਘਰੀਂ ਚਰਨ ਪਾਏ ਗਏ ਤੇ ਹਰ ਥਾਂ ਦੇ ਬੱਚਿਆਂ ਨੂੰ ਆਪ ਜੀ ਦੇ ਨੇੜੇ, ਅਤੀ ਨੇੜੇ ਹੀ ਨਹੀਂ ਕਲਾਵੇ ਵਿਚ ਲੈਣ ਦਾ ਆਭਾਸ ਤੇ ਅਹਿਸਾਸ ਹੋਇਆ। ਉਹਨਾਂ ਆਪ ਦੇ ਨੇੜ ਤੇ ਪਿਆਰ ਦਾ ਨਿੱਘ ਮਾਣਿਆ।

**–ਤਾਰਾ ਸਿੰਘ ਅਨਜਾਣ**

# ਅੰਮ੍ਰਿਤਸਰ ਦੇ ਸ਼ਹੀਦਾਂ ਨਮਿਤ ਮੇਲਾ..(ਬਾਕੀ ਸਫਾ 6 ਦੀ)

ਸੰਗਤਾਂ ਦਾ ਬਹੁਤ ਇਕੱਠ ਸੀ। ਵੱਖ ਵੱਖ ਤਰਾਂ ਦੇ ਪਕਵਾਨਾਂ ਦੇ ਨਾਲ ਲੰਗਰ ਸਾਧ ਸੰਗਤ ਛਕ ਰਹੀ ਸੀ।

**ਸ੍ਰੀ ਸਤਿਗੁਰੂ ਜੀ ਦਾ ਸੁਆਗਤ–** ਅੰਮ੍ਰਿਤਸਰ ਦੀ ਪਾਵਨ ਧਰਤੀ ਤੇ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿਖਾਂ ਸੇਵਕਾਂ ਸਮੇਤ ਚਰਨ ਪਾਏ। ਅੰਮ੍ਰਿਤਸਰ ਦੀ ਕਮੇਟੀ ਵਲੋਂ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਸੁਆਗਤ ਕੀਤਾ ਗਿਆ।

**ਸਨਮਾਨਿਤ ਸਖਸ਼ੀਅਤਾਂ–** ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੇ ਨਾਲ ਹੇਠ ਲਿਖੀਆਂ ਸਨਮਾਨਯੋਗ ਸਖਸ਼ੀਅਤਾਂ ਦਾ ਸਨਮਾਨ ਕੀਤਾ।

ਸੰਤ ਬਾਬਾ ਦਰਸ਼ਨ ਸਿੰਘ ਕੁਲੀਆਂ ਵਾਲੇ, ਸ. ਇੰਦਰਜੀਤ ਸਿੰਘ ਬਾਸਰਕੇ, ਸ. ਪਲਵਿੰਦਰ ਸਿੰਘ ਸੰਧੂ, ਸ. ਗੁਰਜੀਤ ਸਿੰਘ ਔਜਲਾ ਜਿਲਾ ਪ੍ਰਧਾਨ ਕਾਂਗਰਸ ਕਮੇਟੀ, ਡਾ. ਜੋਗਿੰਦਰ ਸਿੰਘ, ਬਾਬਾ ਗੁਰਵਿੰਦਰ ਸਿੰਘ ਕਬੀਰ ਪੰਥੀ, ਪ੍ਰਧਾਨ ਰਣਜੀਤ ਸਿੰਘ, ਸ. ਇੰਦਰਬੀਰ ਸਿੰਘ ਬੁਲਾਰੀਆ, ਸ. ਸੂਬਾ ਸਿੰਘ, ਸ਼੍ਰੀ ਬਖਸ਼ੀ ਰਾਮ ਅਰੋੜਾ – ਮੇਅਰ, ਸ. ਗੁਰਜੀਤ ਸਿੰਘ ਔਜਲਾ

**ਅੰਮ੍ਰਿਤਸਰ ਸਾਕੇ ਦੇ ਸ਼ਹੀਦ–** ਸ. ਹਾਕਮ ਸਿੰਘ, ਲਹਿਣਾ ਸਿੰਘ, ਸ. ਬੀਹਲਾ ਸਿੰਘ, ਫਤਹਿ ਸਿੰਘ ਅਤੇ ਪੰਜਵੇਂ ਸ਼ਹੀਦ ਝੰਡਾ ਸਿੰਘ ਸਨ। ਅਤੇ ਇਹਨਾਂ ਦੇ ਪਰਿਵਾਰਾਂ ਨੇ ਵੀ ਸੂਬਾ ਸੁਰਿੰਦਰ ਕੌਰ ਖਰਲ ਦੀ ਅਗਵਾਈ ਹੇਠ ਆਪਣੀ ਹਾਜ਼ਰੀ ਭਰੀ।

**ਸ਼ਹੀਦ ਲਹਿਣਾ ਸਿੰਘ ਪੰਨਵ ਪਰਿਵਾਰ ਵਿਚੋਂ–**

**ਪਿੰਡ ਰਾਣੀਆਂ ਤੋਂ**–ਸਰਵ ਸ਼੍ਰੀ ਦਲੀਪ ਸਿੰਘ ਭੱਟੀ, ਸੁਰਿੰਦਰ ਸਿੰਘ, ਬਲਬੀਰ ਸਿੰਘ, ਦਰਸ਼ਨ ਸਿੰਘ, ਰਜਿੰਦਰ ਸਿੰਘ, ਮਨਮੋਹਨ ਸਿੰਘ, ਹਰਜੀਤ ਸਿੰਘ, ਗੁਰਪ੍ਰੀਤ ਸਿੰਘ, ਵਸਾਖਾ ਸਿੰਘ, ਲਖਬੀਰ ਸਿੰਘ, ਕਰਤਾਰ ਸਿੰਘ, ਅਮਨਦੀਪ ਸਿੰਘ, ਸਿਮਰਨ ਸਿੰਘ ਰੇਣੂ, ਰਤਨ ਸਿੰਘ, ਜਸਪ੍ਰੀਤ ਸਿੰਘ, ਰਜਵੰਤ ਸਿੰਘ, ਰਤਨ ਸਿੰਘ, ਰਵਿੰਦਰ ਸਿੰਘ, ਸਾਹਿਬਨੂਰ ਸਿੰਘ, ਦਿਵਜੋਤ ਸਿੰਘ, ਸਤਵਿੰਦਰ ਕੌਰ, ਜਸਵਿੰਦਰ ਕੌਰ, ਰਜਿੰਦਰ ਕੌਰ, ਮਲਕਿੰਦਰ ਕੌਰ, ਰਾਜਦੀਪ ਕੌਰ, ਕਵੰਲਜੀਤ ਕੌਰ, ਰਤਨ ਕੌਰ, ਅਮਨਦੀਪ ਕੌਰ, ਮੋਨਿਕਾ ਤੇ ਗੁਰਦੀਪ ਕੌਰ।

**ਹਿਸਾਰ ਤੋਂ–** ਸੂਬਾ ਚਰਨਜੀਤ ਸਿੰਘ ਤੇ ਬੀਬੀ ਹਰਦੀਪ ਕੌਰ।

**ਦਿੱਲੀ ਤੋਂ–** ਸਰਵ ਸ਼੍ਰੀ ਸੁਲਖਣ ਸਿੰਘ, ਮੱਖਣ ਸਿੰਘ, ਮੁਖਤਿਆਰ ਸਿੰਘ ਅਤੇ ਪ੍ਰਭਜੋਤ ਕੌਰ।

**ਲੁਧਿਆਣੇ ਤੋਂ–** ਸਰਵ ਸ਼੍ਰੀ ਗੁਰਿੰਦਰਪਾਲ ਸਿੰਘ, ਬੀਬੀ ਤਰਲੋਚਨ ਕੌਰ, ਸੁਦਰਸ਼ਨ ਸਿੰਘ, ਤਰਨ ਸਿੰਘ, ਜੈ ਕੌਰ, ਗੁਰਸੇਵਕ ਸਿੰਘ, ਤਾਰਾ ਸਿੰਘ।

**ਅੰਮ੍ਰਿਤਸਰ ਤੋਂ**–ਸਰਵ ਸ਼੍ਰੀ ਚਰਨਜੀਤ ਕੌਰ, ਹਰਵਿੰਦਰ ਸਿੰਘ, ਦਲਜੀਤ ਕੌਰ, ਦਵਿੰਦਰ ਸਿੰਘ, ਮਨਜੀਤ ਕੌਰ, ਹਰਜੀਤ ਸਿੰਘ, ਵੇਸ਼ਦੀਪ ਸਿੰਘ, ਹਰਸਪ੍ਰੀਤ ਕੌਰ।

**ਛੇਹਰਾਟਾ ਤੋਂ–** ਬੀਬੀ ਰਮਿੰਦਰ ਕੌਰ ਟਿਪਸੀ, ਜਤਿੰਦਰਪਾਲ ਸਿੰਘ ਚੰਨ ਜੀ, ਜੈ ਕੌਰ, ਜਗਤ ਸਿੰਘ, ਉਪਕਾਰ ਸਿੰਘ ਰਾਜਾ, ਹਰਮੀਤ ਕੌਰ, ਉਜਲ ਕੌਰ ਅਤੇ ਉਤਮ ਕੌਰ।

**ਸ਼ਹੀਦ ਝੰਡਾ ਸਿੰਘ ਦੇ ਪਰਿਵਾਰ ਵਿਚੋਂ–** ਪਿੰਡ ਠੱਠਾਂ ਤੋਂ ਸਰਵ ਸ਼੍ਰੀ ਕਸ਼ਮੀਰ ਸਿੰਘ, ਵੀਰ ਸਿੰਘ, ਮਨਦੀਪ ਕੌਰ, ਜਸਵਿੰਦਰ ਸਿੰਘ, ਜਸਬੀਰ ਕੌਰ, ਕੁਲਵੰਤ ਕੌਰ ਅਤੇ ਗੁਰਵਿੰਦਰ ਕੌਰ।

**ਸ਼ਹੀਦ ਹਾਕਮ ਸਿੰਘ ਪਟਵਾਰੀ ਦੇ ਪਰਿਵਾਰ ਵਿਚੋਂ–** ਅੰਮ੍ਰਿਤਸਰ ਤੋਂ ਸਰਵ ਸ਼੍ਰੀ ਸਤਪਾਲ, ਸਵ੍ਰਿਤੀ, ਨਰੇਸ਼, ਸੁਸ਼ਮਾ।

**ਸ਼ਹੀਦ ਬੀਹਲਾ ਸਿੰਘ ਨਾਰਲੀ ਦੇ ਪਰਿਵਾਰ ਵਿਚੋਂ–** ਸ੍ਰੀ ਭੈਣੀ ਸਾਹਿਬ ਤੋਂ ਸੰਤ ਕਾਬਲ ਸਿੰਘ।

**ਮੇਲੇ ਦੀ ਸੇਵਾ–** ਪ੍ਰਬੰਧਕ ਕਮੇਟੀ ਤੇ ਸਮੁੱਚੀ ਸਾਧ ਸੰਗਤ ਵਲੋਂ ਮੇਲੇ ਦੀ ਸੇਵਾ ਕੀਤੀ ਗਈ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

**ਸ੍ਰੀ ਸਤਿਗੁਰੂ ਜੀ ਦਾ ਪਵਿੱਤਰ ਉਪਦੇਸ਼–** ਸ੍ਰੀ ਸਤਿਗੁਰੂ ਜੀ ਨੇ ਸਾਰੀ ਸਾਧ ਸੰਗਤ ਦੇ ਭਲੇ ਵਾਸਤੇ ਆਪਣਾ ਪਵਿੱਤਰ ਉਪਦੇਸ਼ ਦਿੱਤਾ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਮੇਲਾ ਨਿਰਵਿਘਨ ਸਮਾਪਤ ਹੋਇਆ ਅਤੇ ਗੁਰੂ ਕਾ ਲੰਗਰ ਅਤੁਟ ਵਰਤਿਆ।

***–ਗੁਰਦੇਵ ਸਿੰਘ ਚੀਮਾ***
***ਸਕੱਤਰ ਵਿ. ਨਾ. ਵਿ. ਜਥਾ***
***ਸ੍ਰੀ ਭੈਣੀ ਸਾਹਿਬ***


## ਵਿਆਹ ਸੰਬੰਧੀ

ਨਾਮਧਾਰੀ ਲੜਕਾ, 1987 ਦਾ ਜਨਮ, ਕੱਦ 5 ਫੁੱਟ 4 ਇੰਚ, ਐਮ.ਏ., ਆਈ.ਟੀ.ਆਈ. (ਮਕੈਨਿਕ ਮੋਟਰ ਵਹੀਕਲ), ਹੈਵੀ ਮੋਟਰ ਮਕੈਨਿਕ ਵਜੋਂ ਕਾਰਜਰਤ, **IELTS (General)** 5 ਬੈਂਡ, ਲਈ ਯੋਗ ਲੜਕੀ ਦੀ ਜ਼ਰੂਰਤ ਹੈ।
ਸੰਪਰਕ: 08284904411, 08968282035 ਪੋਸਟ ਬਾਕਸ: 982

❖❖❖

ਨਾਮਧਾਰੀ ਲੜਕਾ, ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਨੈਸ਼ਨਲ ਇੰਸਟੀਚਿਊਟ ਆਫ ਇਮਿਊਨੌਲੋਜੀ ਤੋਂ ਲਾਈਫ ਸਾਇੰਸਜ਼ ਵਿੱਚ ਪੀ.ਐਚ.ਡੀ., ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਦੀ ਐਗਰੀਕਲਚਰ ਰਿਸਰਚ ਸਰਵਿਸ ਵਿੱਚ ਸਾਇੰਸਦਾਨ (ਕਲਾਸ 1) ਵਜੋਂ ਚੋਣ, ਲਈ ਪੜ੍ਹੀ ਲਿਖੀ ਨਾਮਧਾਰੀ ਲੜਕੀ ਦੀ ਲੋੜ ਹੈ।
ਸੰਪਰਕ: 09041928489, 09872174258 ਪੋਸਟ ਬਾਕਸ: 983

❖❖❖

ਨਾਮਧਾਰੀ ਲੜਕਾ, 1985 ਦਾ ਜਨਮ, ਕੱਦ 5 ਫੁੱਟ 6 ਇੰਚ, ਬੀ.ਟੈਕ., ਐਮ.ਬੀ.ਏ., ਐਚ.ਸੀ.ਐਲ. ਕੰਪਨੀ ਵਿੱਚ ਕਾਰਜਰਤ, ਲਈ ਯੋਗ ਲੜਕੀ ਦੀ ਲੋੜ ਹੈ।
ਸੰਪਰਕ: 09910000470 ਪੋਸਟ ਬਾਕਸ: 984

❖❖❖

ਨਾਮਧਾਰੀ ਲੜਕਾ, ਉਮਰ 30 ਸਾਲ, ਕੱਦ 6 ਫੁੱਟ, ਬੀ.ਕਾਮ. (ਪਾਸ), ਆਪਣਾ ਬਿਜ਼ਨਸ, ਲਈ ਢੁੱਕਵੀਂ ਲੜਕੀ ਦੀ ਜ਼ਰੂਰਤ ਹੈ।
ਸੰਪਰਕ: 09810840321 ਪੋਸਟ ਬਾਕਸ:985

**ਸਤਿਜੁਗ**
**ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,**
**ਨਵੀਂ ਦਿੱਲੀ–15**
**e-mail : satjugweekly@gmail.com**

Date of Publication: 7/10/2015, Date of Posting: 8-9/10/2015
Posted at PSO New Delhi-110001
RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17




ਸ੍ਰੀ ਸਤਿਗੁਰੂ ਜੀ ਨੇ ਕਾਕਾ ਯਸ਼ਵੰਤ ਸਿੰਘ, ਕਾਕਾ ਯਮੁਨਾ ਸਿੰਘ ਸਪੁੱਤਰ ਸ. ਯਾਦਵਿੰਦਰ ਸਿੰਘ - ਬੀਬੀ ਹਰਦੀਪ ਕੌਰ ਪੋਤਰੇ ਸੰਤ ਭਗਵੰਤ ਸਿੰਘ - ਸੂਬਾ ਸੁਰਿੰਦਰ ਕੌਰ ਖਰਲ ਨੂੰ ਦਸਤਾਰ ਸਜਾਉਂਣ ਦੀ ਕਿਰਪਾ ਕੀਤੀ।



ਸ਼ਹੀਦਾਂ ਨਮਿਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਲਿਖੀ ਪੁਸਤਕ 'ਜ਼ਫ਼ਰਨਾਮਹ ਦੀ ਪੜਤਾਲ' ਭੇਟ ਕਰਦੇ ਸੰਤ ਨਿਸ਼ਾਨ ਸਿੰਘ ਜੋਹਲ ਆਦਿ



ਸ੍ਰੀ ਸਤਿਗੁਰੂ ਜੀ ਯੂ. ਕੇ. ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਹੋਏ ਸੰਗੀਤ ਸੰਮੇਲਨ ਦੌਰਾਨ ਲਾਈ ਚਿਤਰਪ੍ਰਦਰਸ਼ਨੀ ਸਮੇਂ ਲਿਖ ਕੇ ਆਪਣਾ ਅਸ਼ੀਰਵਾਦ ਪ੍ਰਦਾਨ ਕਰਦੇ ਹੋਏ।



ਸ਼ਹੀਦਾਂ ਨਮਿਤ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਮੁੱਖ ਪਤਵੰਤੇ ਸੱਜਣਾਂ, ਪ੍ਰਸਿਧ ਕੀਰਤਨੀਏ ਰਾਗੀ ਕੁਲਦੀਪ ਸਿੰਘ ਹੰਸਪਾਲ, ਪ੍ਰੋ. ਸੂਬਾ ਸਿੰਘ (ਰਿਟਾਇਰ), ਸ. ਇੰਦਰਜੀਤ ਸਿੰਘ ਬਾਸਰਕੇ (ਰਾਜਨੀਤਕ ਆਗੂ), ਸ. ਬਲਵਿੰਦਰ ਸਿੰਘ ਪਖੋਕੇ, ਬਾਬਾ ਗੁਰਵਿੰਦਰ ਸਿੰਘ (ਮਹੰਤ ਕਬੀਰ ਪੰਥ, ਪੰਜਾਬ) ਕਾਹਨੂੰਵਾਨ ਵਾਲੇ, ਨੂੰ ਆਪਣੇ ਹਸਤ ਕੰਵਲਾਂ ਨਾਲ ਸਨਮਾਨਿਤ ਕਰਨ ਦੀ ਬਖ਼ਸ਼ਸ਼ ਕਰਦੇ ਹੋਏ



ਜਲੰਧਰ ਵਿਖੇ ਹੋਈ ਜੰਗ-ਏ-ਆਜਾਦੀ ਫ਼ਿਲਮ ਬਾਰੇ ਚਰਚਾ ਕਰਦੇ ਹੋਏ ਸ਼੍ਰੀ ਸ਼ਿਆਮ ਬੈਨੇਗਲ (ਡਾਇਰੈਕਟਰ), ਡਾ. ਬਰਜਿੰਦਰ ਸਿੰਘ ਹਮਦਰਦ, ਸ. ਹਰਵਿੰਦਰ ਸਿੰਘ ਹੰਸਪਾਲ, ਸੰਤ ਸੁਰਿੰਦਰ ਸਿੰਘ ਨਾਮਧਾਰੀ, ਸ. ਜਸਵਿੰਦਰ ਸਿੰਘ ਹਿਸਟੋਰੀਅਨ, ਸੰਤ ਬਲਦੇਵ ਸਿੰਘ ਕਾਕੂ, ਸੰਤ ਨਰਾਇਣ ਸਿੰਘ ਆਦਿ (ਰਿਪੋਰਟ ਸਫਾ 2 'ਤੇ)

## ਸਹਾਇਤਾ

| | | |
|---|---|---|
| ਸੰਤ ਤ੍ਰਿਲੋਕ ਸਿੰਘ ਭਮਰਾ-ਬੀਬੀ ਮਨਜੀਤ ਕੌਰ, ਯੂ.ਕੇ. | 5000/- | ਪੋਤਰੇ ਸਾਹਿਬ ਸਿੰਘ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ |
| ਸੰਤ ਗੁਰਦੀਪ ਸਿੰਘ, ਟਰਾਂਟੋ | 5000/- | ਨਵੇਂ ਗ੍ਰਹਿ ਦੀ ਖ਼ੁਸ਼ੀ ਵਿਚ |
| ਸੰਤ ਅਜੀਤ ਸਿੰਘ ਸੱਗੂ-ਬੀਬੀ ਕਮਲਜੀਤ ਕੌਰ, ਯੂ.ਕੇ. | 2500/- | ਕਾਕਾ ਅਰਜਨ ਸਿੰਘ-ਕ੍ਰਿਸ਼ਨ ਸਿੰਘ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ |
| ਸੰਤ ਪਰਮਜੀਤ ਸਿੰਘ ਨਿਓਤੇ, ਆਇਰਲੈਂਡ | 1500/- | ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਆਇਰਲੈਂਡ ਦਾ ਦੌਰਾ ਕਰਨ ਦੀ ਖ਼ੁਸ਼ੀ ਵਿੱਚ |
| ਸੰਤ ਬਲਵਿੰਦਰ ਸਿੰਘ ਟਰਾਂਟੋ | 1000/- | ਸਤਿਜੁਗ ਦੀ ਚੜ੍ਹਦੀ ਕਲਾ ਵਾਸਤੇ |
| ਸੰਤ ਗੁਰਚਰਨ ਸਿੰਘ ਸੌਂਧ, ਯੂ.ਕੇ. | 1000/- | ਪੋਤਰੇ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ |
| ਸੰਤ ਅੰਮ੍ਰਿਤਪਾਲ ਸਿੰਘ-ਬੀਬੀ ਸਤਵੰਤ ਕੌਰ, ਯੂ.ਕੇ. | 1000/- | ਨੌਜਵਾਨਾਂ ਅਜੀਤ ਸਿੰਘ-ਬਲਵੰਤ ਸਿੰਘ ਦੇ ਅਨੰਦ ਕਾਰਜ ਅਤੇ ਨੂੰਹਾਂ ਦੇ ਯੂ.ਕੇ. ਪਹੁੰਚਣ ਦੀ ਖ਼ੁਸ਼ੀ ਵਿੱਚ |
| ਸੰਤ ਗੁਰਦਿਆਲ ਸਿੰਘ ਰਾਏਸਰ, (ਸ੍ਰੀ ਭੈਣੀ ਸਾਹਿਬ) | 500/- | ਸ਼ਹੀਦੀ ਸਮਾਰਕ ਵਿਖੇ ਹਫਤਾਵਾਰੀ ਸਮਾਗਮ ਸਮੇਂ |
| ਸੰਤ ਪ੍ਰੀਤਮ ਸਿੰਘ ਵਾਰੇ ਵਾਲੇ, ਫਗਵਾੜਾ | 500/- | ਫਗਵਾੜਾ ਪੰਜ ਭਾਦਰੋਂ ਦੇ ਮੇਲੇ ਸਮੇਂ |

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 06.18 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 07.00 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No.29 of 8 October 2015